# ਦਫਤਰ, ਮੇਅਰ ਨਗਰ ਨਿਗਮ ਹੁਸ਼ਿਆਰਪੁਰ।

**ਨੰਬਰ 1775 /ਜਨਰਲ ਬ੍ਰਾਂਚ** **ਮਿਤੀ 26.05.2023**

ਨਗਰ ਨਿਗਮ ਹੁਸ਼ਿਆਰਪੁਰ ਦੀ ਜਨਰਲ ਮੀਟਿੰਗ ਸ਼੍ਰੀ ਸੁਰਿੰਦਰ ਕੁਮਾਰ, ਮਾਨਯੋਗ ਮੇਅਰ, ਨਗਰ ਨਿਗਮ ਹੁਸ਼ਿਆਰਪੁਰ ਜੀ ਦੀ ਪ੍ਰਧਾਨਗੀ ਹੇਠ ਮਿਤੀ 30.05.2023 **(ਮੰਗਲਵਾਰ) ਸਮਾਂ ਸਵੇਰੇ** 09:00 ਵਜੇ ਸਵਾਮੀ ਵਿਵੇਕਾਨੰਦ ਮਿਊਂਸਪਲ ਭਵਨ ਹੁਸ਼ਿਆਰਪੁਰ ਵਿਖੇ ਹੋਣੀ ਨਿਸ਼ਚਿਤ ਹੋਈ ਹੈ, ਆਪ ਨੂੰ ਸਮੇਂ ਸਿਰ ਮੀਟਿੰਗ ਵਿਚ ਭਾਗ ਲੈਣ ਦੀ ਬੇਨਤੀ ਕੀਤੀ ਜਾਂਦੀ ਹੈ। ਮੀਟਿੰਗ ਦਾ ਏਜੰਡਾ ਹੇਠ ਲਿਖੇ ਅਨੁਸਾਰ ਹੈ:-

1) **ਪਿੱਛਲੇ ਹਾਊਸ ਦੀਆਂ ਮੀਟਿੰਗਾਂ ਮਿਤੀ 04.07.2022 ਅਤੇ 27.12.2022 ਦੀ ਪੁਸ਼ਟੀ ਕਰਨ ਸਬੰਧੀ।**

2) **ਨਗਰ ਨਿਗਮ ਵਿੱਚ ਠੇਕੇ ਦੇ ਆਧਾਰ ਤੇ ਸਫਾਈ ਸੇਵਕਾਂ ਦੀਆਂ 150 ਆਸਾਮੀਆਂ ਅਤੇ ਸੀਵਰਮੈਂਨ ਦੀਆਂ 30 ਆਸਾਮੀਆਂ ਤੇ ਭਰਤੀ ਕਰਨ ਸਬੰਧੀ।**

**ਰਿਪੋਰਟ ਸੁਪਰਡੰਟ ਅਮਲਾ ਸਮੇਤ ਸਿਫਾਰਸ਼ ਸਕੱਤਰ** ਕਿ ਮੰਤਰੀ ਪ੍ਰੀਸ਼ਦ ਵੱਲੋਂ ਕੀਤੇ ਫੈਸਲੇ ਮਿਤੀ 18.06.2021 ਅਤੇ ਇਸ ਵਿਭਾਗ ਵੱਲੋਂ ਪੱਤਰ ਮਿਤੀ 23.06.2021 ਰਾਹੀਂ ਜਾਰੀ ਹਦਾਇਤਾਂ ਅਨੁਸਾਰ ਸਫਾਈ ਸੇਵਕਾਂ ਦੀਆਂ ਮੌਜੂਦਾ ਪ੍ਰਵਾਨਤ 450 ਆਸਾਮੀਆਂ ਤੋਂ ਇਲਾਵਾ ਹੋਰ ਨਵੀਆਂ 150 ਆਸਾਮੀਆਂ ਅਤੇ ਸੀਵਰਮੈਨਾਂ ਦੀਆਂ ਨਵੀਆਂ 30 ਆਸਾਮੀਆਂ ਦੀ ਰਚਨਾ ਕੀਤੀ ਗਈ ਹੈ ਅਤੇ ਇਹ ਆਸਾਮੀਆਂ ਠੇਕੇ ਤੇ ਭਰਨ ਲਈ ਸਥਾਨਕ ਸਰਕਾਰ ਵਿਭਾਗ, ਪੰਜਾਬ ਚੰਡੀਗੜ੍ਹ ਦੇ ਪੱਤਰ ਨੰ: ਸ5-ਡਸਸ-ਮਸਸ-2022/17841 ਮਿਤੀ 26.05.2022 ਅਤੇ ਨਗਰ ਨਿਗਮ ਦੇ ਮਤਾ ਨੰ: 126 ਮਿਤੀ 04.07.2022 ਦੀ ਪਾਲਣਾ ਕਰਦੇ ਹੋਏ ਨਗਰ ਨਿਗਮ ਵੱਲੋਂ ਕਿਰਤ ਵਿਭਾਗ ਪੰਜਾਬ ਵੱਲੋਂ ਨਿਰਧਾਰਿਤ ਘੱਟੋ-ਘੱਟ ਉਜਰਤ/ ਡੀ.ਸੀ ਰੇਟ ਤੇ ਸਫਾਈ ਸੇਵਕ ਅਤੇ ਸੀਵਰਮੈਨ ਦੀ ਠੇਕੇ ਤੇ ਭਰਤੀ ਕਰਨ ਸਬੰਧੀ ਪ੍ਰਕਿਰਿਆ ਪ੍ਰਗਤੀ ਅਧੀਨ ਹੈ।

ਯੂਨੀਅਨ ਵੱਲੋਂ ਭਰਤੀ ਸਬੰਧੀ ਜਾਰੀ ਹਦਾਇਤਾਂ ਅਤੇ ਯੋਗਤਾਵਾਂ ਵਿੱਚ ਸੋਧ ਕਰਵਾਉਣ ਦੀ ਮੰਗ ਅਨੁਸਾਰ ਨਗਰ ਨਿਗਮ, ਹੁਸ਼ਿਆਰਪੁਰ ਵੱਲੋਂ ਮਤਾ ਨੰ: 180 ਮਿਤੀ 27.12.2022 ਰਾਹੀਂ ਸੋਧ ਕਰਵਾਉਣ ਲਈ ਪਾਇਆ ਗਿਆ, ਜਿਸ ਵਿੱਚ ਲਿਖਿਆ ਗਿਆ ਕਿ ਨਗਰ ਨਿਗਮ, ਹੁਸ਼ਿਆਰਪੁਰ ਵਿਖੇ ਆਊਟਸੋਰਸ ਰਾਹੀਂ ਕੰਮ ਕਰ ਰਹੇ ਕਰਮਚਾਰੀਆਂ ਨੂੰ ਤਰਜੀਹ ਦਿੱਤੀ ਜਾਵੇ। ਪੰਜਾਬ ਸਰਕਾਰ ਸਥਾਨਕ ਸਰਕਾਰ ਵਿਭਾਗ (ਮਿਉਂਸਪਲ ਸਰਵਿਸ ਸੈਲ) ਦੇ ਪੱਤਰ ਨੰ: ਸ5-ਡਸਸ-ਮਸਸ-23/109 ਮਿਤੀ 25.04.2023 ਰਾਹੀਂ ਇਸ ਮਤੇ ਨੂੰ ਰੱਦ ਕਰ ਦਿੱਤਾ ਗਿਆ ਹੈ।

ਨਗਰ ਨਿਗਮ, ਹੁਸ਼ਿਆਰਪੁਰ ਦੀਆਂ ਸਫਾਈ ਕਰਮਚਾਰੀ ਯੂਨੀਅਨ ਵੱਲੋਂ ਲਗਾਤਾਰ ਮੰਗ ਪੱਤਰਾਂ ਰਾਹੀਂ ਇਸ ਦਫ਼ਤਰ ਨੂੰ ਲਿਖਿਆ ਜਾ ਰਿਹਾ ਹੈ ਕਿ ਨਗਰ ਨਿਗਮ, ਹੁਸ਼ਿਆਰਪੁਰ ਵੱਲੋਂ 150 ਸਫਾਈ ਸੇਵਕਾਂ ਅਤੇ 30 ਸੀਵਰਮੈਨਾਂ ਦੀ ਠੇਕੇ ਦੇ ਆਧਾਰ ਤੇ ਭਰਤੀ ਆਨ-ਲਾਈਨ ਦਰਖਾਸਤਾਂ ਲੈ ਕੇ ਕੀਤੀ ਜਾ ਰਹੀ ਹੈ, ਪਹਿਲਾਂ ਵੀ ਯੂਨੀਅਨ ਵੱਲੋਂ ਆਪ ਜੀ ਨੂੰ ਮੰਗ ਪੱਤਰਾਂ ਰਾਹੀਂ ਕਈ ਵਾਰ ਬੇਨਤੀ ਕੀਤੀ ਗਈ ਹੈ ਕਿ ਨਗਰ ਨਿਗਮ, ਹੁਸ਼ਿਆਰਪੁਰ ਵਿਖੇ ਕੰਮ ਕਰਦੇ ਆਊਟਸੋਰਸ ਤੇ ਸਫਾਈ ਸੇਵਕ/ ਸੀਵਰਮੈਨ ਘੱਟ ਪੜੇ ਲਿਖੇ ਹਨ ਜੋ ਕਿ ਆਨ-ਲਾਈਨ ਪ੍ਰਣਾਲੀ ਦਾ ਬਹੁਤਾ ਗਿਆਨ ਨਹੀ ਰੱਖਦੇ। ਸਿੱਟੇ ਵੱਜੋਂ ਇਸ ਦਫ਼ਤਰ ਦੇ ਪਿਛਲੇ ਕਾਫੀ ਲੰਮੇਂ ਸਮੇਂ ਤੋਂ ਆਊਟਸੋਰਸ ਤੇ ਕੰਮ ਕਰਦੇ ਸਫਾਈ ਸੇਵਕ/ ਸੀਵਰਮੈਨ ਇਸ ਭਰਤੀ ਸਬੰਧੀ ਆਪਣੀਆਂ ਦਰਖਾਸਤਾਂ ਨਹੀ ਦੇ ਸਕੇ।

ਉਕਤ ਤੋਂ ਇਲਾਵਾ ਨਗਰ ਨਿਗਮ, ਹੁਸ਼ਿਆਰਪੁਰ ਦੀ ਸਫਾਈ ਕਰਮਚਾਰੀ ਯੂਨੀਅਨ (ਰਜਿ.), ਨਗਰ ਨਿਗਮ, ਹੁਸ਼ਿਆਰਪੁਰ ਵੱਲੋਂ ਕਈ ਮੰਗ ਪੱਤਰਾਂ ਰਾਹੀਂ ਬੇਨਤੀ ਕੀਤੀ ਗਈ ਹੈ ਕਿ ਪਿਛਲੇ 10-12 ਸਾਲਾਂ ਦੇ ਲੰਮੇ ਅਰਸੇ ਤੋਂ ਆਊਟਸੋਰਸ ਤੇ ਕੰਮ ਕਰਦੇ ਸਫਾਈ ਸੇਵਕਾਂ/ ਸੀਵਰਮੈਨਾਂ ਦੀ ਭਰਤੀ ਠੇਕੇ ਦੇ ਆਧਾਰ ਤੇ ਕੀਤੇ ਜਾਣ ਸਬੰਧੀ ਚੱਲ ਰਹੀ ਪ੍ਰਕਿਰਿਆ ਨੂੰ ਸਰਕਾਰ ਦੇ ਨਿਯਮਾਂ / ਹਦਾਇਤਾਂ ਅਨੁਸਾਰ ਜਲਦ ਤੋਂ ਜਲਦ ਮੁਕੰਮਲ ਕੀਤਾ ਜਾਵੇ। ਜੇਕਰ ਫਿਰ ਵੀ ਪਿਛਲੇ ਲੰਮੇ ਅਰਸੇ ਤੋਂ ਕੰਮ ਕਰਦੇ ਕਰਮਚਾਰੀਆਂ ਨਾਲ ਨਿਆਂ ਨਾ ਕੀਤਾ ਗਿਆ ਤਾਂ ਮਜਬੂਰਨ ਸਮੂਹ ਸਫਾਈ ਮੁਲਾਜ਼ਮ ਹੜਤਾਲ ਤੇ ਚਲਾ ਜਾਵੇਗਾ, ਅਜਿਹੀ ਸੂਰਤ ਵਿੱਚ ਸ਼ਹਿਰ ਦੀ ਸਫਾਈ ਵਿਵਸਥਾ ਵਿਗੜਨ ਦੀ ਸਾਰੀ ਜਿੰਮੇਵਾਰੀ ਨਗਰ ਨਿਗਮ ਪ੍ਰਸ਼ਾਸ਼ਨ ਦੀ ਨਿੱਜੀ ਹੋਵੇਗੀ। ਸਿੱਟੇ ਵੱਜੋਂ ਜਿੱਥੇ ਇਸ ਨਾਲ ਸ਼ਹਿਰ ਦੀ ਸਫਾਈ ਵਿਵਸਥਾ ਤੇ ਮਾੜਾ ਅਸਰ ਪਵੇਗਾ, ਉੱਥੇ ਕਈ ਪ੍ਰਕਾਰ ਦੀਆਂ ਬਿਮਾਰੀਆਂ ਫੈਲਣ ਦਾ ਖਦਸ਼ਾ ਬਣਿਆ ਰਹੇਗਾਂ। ਜਿਸ ਨਾਲ ਨਗਰ ਨਿਗਮ, ਹੁਸ਼ਿਆਰਪੁਰ ਨੂੰ ਨਮੋਸ਼ੀ ਦਾ ਸਾਹਮਣਾ ਕਰਨਾ ਪਵੇਗਾਂ।

ਜੇਕਰ ਪ੍ਰਵਾਨ ਹੋਵੇ ਤਾਂ ਸਮੁੱਚੇ ਘਟਨਾਕ੍ਰਮ ਦੀ ਰੋਸ਼ਨੀ ਵਿੱਚ ਭਰਤੀ ਪ੍ਰਕਿਰਿਆ ਦੀ ਸ਼ਰਤ ਨੰਬਰ 13.15 ਅਨੁਸਾਰ ਭਰਤੀ ਸਬੰਧੀ ਕਿਸੇ ਤਰ੍ਹਾਂ ਦੀ ਵੀ ਤਬਦੀਲੀ/ਸੋਧ ਦਾ ਅਧਿਕਾਰ ਨਗਰ ਨਿਗਮ ਪਾਸ ਰਾਖਵਾ ਹੋਵਗਾ। ਇਹ ਉਚਿਤ ਹੋਵੇਗਾ ਕਿ ਆਨ-ਲਾਈਨ ਪ੍ਰਕਿਰਿਆ ਨੂੰ ਤੁਰੰਤ ਪ੍ਰਭਾਵ ਹੇਠ ਰੱਦ ਕਰ ਦਿੱਤਾ ਜਾਵੇ ਅਤੇ ਦਰਖਾਸਤਾਂ ਦਸਤੀ ਤੌਰ ਤੇ ਨਗਰ ਨਿਗਮ ਵਿਖੇ ਪ੍ਰਾਪਤ ਕੀਤੀਆਂ ਜਾਣ। ਇਸ ਪ੍ਰਣਾਲੀ ਨਾਲ ਜਿੱਥੇ ਕੁਦਰਤੀ ਨਿਆਂ ਨੂੰ ਦੇਖਦੇ ਹੋਏ ਹਰੇਕ ਵਿਅਕਤੀ ਜੋ ਘੱਟ ਪੜਿਆ ਲਿਖਿਆ ਵੀ ਹੈ ਉਹ ਇਹਨਾਂ ਆਸਾਮੀਆਂ **ਲਈ** ਅਪਲਾਈ ਕਰ ਸਕੇ ਅਤੇ ਭਰਤੀ ਪ੍ਰਕਿਰਿਆ ਵਿੱਚ ਤੇਜੀ ਲਿਆਕੇ ਸਮੁੱਚੇ ਕੰਮ ਨੂੰ ਜਲਦ ਨਿਪਟਾਇਆ ਜਾ ਸਕੇ ਜੀ। **ਸਮੁੱਚਾ ਮਾਮਲਾ ਹਾਊਸ ਦੀ ਮੀਟਿੰਗ ਵਿਚ ਵਿਚਾਰਨ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।**

3) **<u>ਨਗਰ ਨਿਗਮਾਂ, ਨਗਰ ਕੌਂਸਲਾਂ-ਨਗਰ ਪੰਚਾਇਤਾਂ ਅਤੇ ਨਗਰ ਸੁਧਾਰ ਟਰਸਟਾਂ ਵਿੱਚ ਕਲਰਕ (ਆਈ.ਟੀ) ਕਲਰਕ (ਲੇਖਾ) ਅਤੇ ਕਲਰਕ (ਲੀਗਲ) ਦੀਆਂ ਅਸਾਮੀਆਂ ਦੇ ਸਰਵਿਸ ਰੂਲਾਂ ਨੂੰ ਅਡਾਪਟ ਕਰਨ ਸਬੰਧੀ।</u>**

**ਰਿਪੋਰਟ ਸੁਪਰਡੰਟ ਅਮਲਾ ਸਮੇਤ ਸਿਫਾਰਸ਼ ਸਹਾਇਕ ਕਮਿਸ਼ਨਰ** ਕਿ ਡਾਇਰੈਕਟਰ, ਸਥਾਨਕ ਸਰਕਾਰ ਵਿਭਾਗ, ਪੰਜਾਬ ਮਿਊਂਸਪਲ ਭਵਨ, ਪਲਾਟ ਨੰ: 03, ਸੈਕਟਰ 35-ਏ, ਚੰਡੀਗੜ੍ਹ ਦੇ ਮੀਮੋਂ ਨੰ: ਭਰਤੀ ਸੈਲ-ਡਸਸ-2023/20 ਮਿਤੀ ਚੰਡੀਗੜ੍ਹ 20.01.2023 ਰਾਹੀਂ ਆਪ ਜੀ ਦੇ ਵਿਭਾਗ ਵੱਲੋਂ ਨਗਰ ਨਿਗਮ, ਹੁਸ਼ਿਆਰਪੁਰ ਵਿਖੇ ਕਲਰਕ ਆਈ.ਟੀ) ਕਲਰਕ (ਲੇਖਾ) ਅਤੇ ਕਲਰਕ (ਲੀਗਲ) ਦੀਆਂ ਅਸਾਮੀਆਂ ਦੇ ਸਰਵਿਸ ਰੂਲਾਂ ਨੂੰ ਅਡਾਪਟ ਕਰਨ ਸਬੰਧੀ ਸਰਵਿਸ ਰੂਲਾਂ ਬਾਰੇ ਜੋ ਨੋਟੀਫਿਕੇਸ਼ਨ ਇਸ ਨਗਰ ਨਿਗਮ ਨੂੰ ਭੇਜੇ ਗਏ ਹਨ। ਉਸ ਸਬੰਧੀ ਨਗਰ ਨਿਗਮ ਹੁਸ਼ਿਆਰਪੁਰ ਵਿਖੇ (ਆਈ.ਟੀ) ਕਲਰਕ (ਲੇਖਾ) ਅਤੇ ਕਲਰਕ ਲੀਗਲ) ਦੀਆਂ ਅਸਾਮੀਆਂ ਨਹੀ ਹਨ, ਭਵਿੱਖ ਵਿੱਚ ਜੇਕਰ ਇਹ ਆਸਾਮੀਆਂ ਦੀ ਰਚਨਾ ਨਗਰ ਨਿਗਮ ਵਿਖੇ ਭਰੀਆਂ ਜਾਂਦੀਆਂ ਹਨ ਤਾਂ ਹੇਠ ਲਿਖੇ ਨੋਟੀਫਿਕੇਸ਼ਨਾਂ ਅਨੁਸਾਰ ਹਦਾਇਤਾਂ ਨੂੰ ਆਧਾਰ ਮੰਨ ਕੇ ਭਰਤੀ ਕੀਤੀ ਜਾਵੇਗੀ:-

Government of Punjab Dipartament of Local Government (Recuitment Cell) **<u>Notification 28 Sep 2021 (DLG-RC-2021/454,</u>**

**<u>Rule's</u>**

01. Short title and commencement:-

1. These rules amy be called "The Municipal Councils Clerk (Legal) Education Qualifications & other eligibility Rules, 2021.
2. They shall come into force on and with effect from the date of their publication in the offcial Gazette.

02. The Educational Qualification and Eligibility Criteria for the post of Clerk (Legal) shall be as under:-

| Sr No. | Designation of the post | pay Scale | | Present Qualification for direct recuitment |
|---|---|---|---|---|
| 1 | Clerk (Legal) | 19,900/- | i) | Should be a Law Graduate from arecognized university or institution. |
| | | | ii) | Qualifies a competitive test to be held by the recruiting authority' and |
| | | | iii) | Qualifies a test in punjabi English typing to be held by the recruiting authority at the speed of thirty words per minute or at such speed as may be specified by the Punjab Government form time to time and other condition applicable as per the Punjab Civil Service (General and Common Conditions of Service) Rules, 1994, as amended from time to time. |

The Seniority of the Clerk, Clerk (IT), Clerk (Account) and Clerk (Legal) shall be common in cadre and the rules applicable for the post of Clerk in the Municipal Councils Shall be applicable for all other purposes in regard to service of the Clerk (Legal).

Government of Punjab Dipartament of Local Government (Recuitment Cell) **<u>Notification 10 Sep 2021 (DLG-RC-2021/348),</u>**

**<u>Rule's</u>**

01. Short title and commencement:-

1. These rules amy be called "The Municipal Corporations Clerk (Accounts) Educational Qualifications & other eligibility Rules, 2021.
2. They shall come into force on and with effect from the date of their publication in the offcial Gazette.

02. The Educational Qualification and Eligibility Criteria for the post of Clerk (Accounts) shall be as under:-

| Sr No. | Designation of the post | pay Scale | Present Qualification for direct recuitment |
|---|---|---|---|
| 1 | Clerk (Accounts) | 19,900/- | Minimum<br>i) Should be B.Com from arecognized university or institution, or any other equivalent or higher qualification in the relevant discipline, and<br>ii) Qualifies a competitive test to be held by the recruiting authority' and<br>iii) Qualifies a test in punjabi English typing to be held by the recruiting authority at the speed of thirty words per minute or at such speed as may be specified by the Punjab Government form time to time and other conditions applicable as per the Punjab Civil Service (General and Common Conditions of Service) Rules, 1994, as amended from time to time. |

The Seniority of the Clerk, Clerk (IT), Clerk (Account) and Clerk (Legal) shall be common in cadre and the rules applicable for the post of Clerk in the Municipal Councils Shall be applicable for all other purposes in regard to service of the Clerk (Accounts).

Legal).

Government of Punjab Dipartament of Local Government (Recuitment Cell) **Notification 10 Sep 2021 (DLG-RC-2021/345).**

**Rule's**

01. Short title and commencement:-

3. These rules amy be called "The Municipal Corporations Clerk (IT) Educational Qualifications & other eligibility Rules, 2021.
4. They shall come into force on and with effect from the date of their publication in the offcial Gazette.

02. The Educational Qualification and Eligibility Criteria for the post of Clerk (Information Technology) shall be as under:-

| Sr No. | Designation of the post | pay Scale | Present Qualification for direct recuitment |
|---|---|---|---|
| 1 | Clerk (Information Technology) | 19,900/- | Minimum<br>Should be B.Tech in Computer Science or B.Sc ( Information Technology) or Bachelor of Computer Application or a Graduate having Post Graduate Diploma in Computer Application from arecognized university or institution any other equivalent or higher qualification in the relevant discipline, and<br>Qualifies a competitive test to be held by the recruiting authority' and<br>Qualifies a test in punjabi English typing to be held by the recruiting authority at the speed of thirty words per minute or at such speed as may be specified by the Punjab Government form time to time and other conditions applicable as per the Punjab Civil Service (General and Common Conditions of Service) Rules, 1994, as amended from time to time. |

The Seniority of the Clerk, Clerk (IT), Clerk (Account) and Clerk (Legal) shall be common in cadre and the rules applicable for the post of Clerk in the Municipal Councils Shall be applicable for all other purposes in regard to service of the Clerk (Accounts).

ਕਲਰਕ (ਆਈ.ਟੀ) ਕਲਰਕ (ਲੇਖਾ) ਅਤੇ ਕਲਰਕ (ਲੀਗਲ) ਦੀਆਂ ਗਰੁੱਪ-ਸੀ ਦੀਆਂ ਅਸਾਮੀਆਂ ਸਰਵਿਸ ਰੂਲਾਂ ਨੂੰ ਅਡਾਪਟ ਕਰਨ **ਦਾ ਮਾਮਲਾ** ਨਗਰ ਨਿਗਮ ਹੁਸ਼ਿਆਰਪੁਰ **ਦੇ** ਹਾਊਸ **ਦੀ ਮੀਟਿੰਗ ਵਿਚ ਵਿਚਾਰਨ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।**

4) **ਸਫਾਈ ਸੇਵਕਾ ਵਿੱਚੋ ਸੀਨੀਆਰਤਾਂ-ਕਮ-ਮੈਰਿਟ ਦੇ ਆਧਾਰ ਤੇ ਬਤੌਰ ਸਫਾਈ ਮੇਟ ਤਰੱਕੀ ਦੇਣ ਸਬੰਧੀ।**

**ਰਿਪੋਰਟ ਸੁਪਰਡੰਟ ਅਮਲਾ ਸਮੇਤ ਸਿਫਾਰਸ਼ ਸਹਾਇਕ ਕਮਿਸ਼ਨਰ** ਕਿ ਨਗਰ ਨਿਗਮ ਦੇ ਹਾਊਸ ਵਲੋਂ ਆਪਣੇ ਮਤਾ ਨੰ:78 ਮਿਤੀ 24.11.2021 ਰਾਹੀਂ ਹੈਲਥ ਸ਼ਾਖਾ ਦੇ ਫੀਲਡ ਦੇ ਕੰਮ ਨੂੰ ਵਧੀਆ ਢੰਗ ਨਾਲ ਨਿਪਟਾਰਾ/ਦੇਖਰੇਖ ਕਰਨ ਲਈ ਮਿਊਂਸਪਲ ਕਾਰਪੋਰੇਸ਼ਨ ਐਕਟ 1976 ਦੀ ਧਾਰਾ 71(5) ਅਧੀਨ ਨਗਰ ਨਿਗਮ, ਹੁਸ਼ਿਆਰਪੁਰ ਵਿੱਚ 10 ਸਫਾਈ ਮੇਟਾਂ ਦੀਆਂ ਅਸਾਮੀਆਂ ਦੀ ਸਿਰਜਨਾ ਕਰਨ ਬਜਟ ਬਾਬਤ ਸਾਲ 2021-22 ਵਿੱਚ ਉਕੱਤ ਅਸਾਮੀਆਂ ਦੇ ਖਰਚੇ ਦੀ ਤਜਵੀਜ ਪਾਸ ਕੀਤੀ ਗਈ ਸੀ। ਜਿਸ ਤੇ ਸਥਾਨਕ ਸਰਕਾਰ ਵਿਭਾਗ ਨੇ ਆਪਣੇ ਪੱਤਰ ਨੰ: ਸ5-ਡਸਸ-ਮਸਸ-2021 /48910 ਮਿਤੀ 16.12.2021 ਰਾਹੀਂ ਪ੍ਰਵਾਨਗੀ ਦਿੰਦੇ ਹੋਏ ਲਿਖਿਆ ਹੈ ਕਿ ਇਨ੍ਹਾਂ ਅਸਾਮੀਆਂ ਦੇ ਖਰਚੇ ਦਾ ਉਪਬੰਧ ਕਰਨ ਲਈ ਸਰਕਾਰ ਦੇ ਰੂਲਾਂ/ਹਦਾਇਤਾਂ ਅਨੁਸਾਰ ਕਾਰਵਾਈ ਕੀਤੀ ਜਾਵੇ। ਇਨ੍ਹਾਂ ਅਸਾਮੀਆਂ ਦਾ ਬਜਟ ਵਿੱਚ ਖਰਚਾ ਪ੍ਰਵਾਨ ਕਰਨ ਸਬੰਧੀ ਤਜਵੀਜ ਵਖਰੇ ਤੌਰ ਤੇ ਹਾਊਸ ਵਿੱਚ ਪੇਸ਼ ਕੀਤੀ ਜਾ ਰਹੀ ਹੈ।

ਮਿਊਂਸਪਲ ਸਫਾਈ ਕਰਮਚਾਰੀ ਸਰਵਿਸ ਰੂਲ, 1984 ਦੇ ਨਿਯਮ 7(1)(ਬੀ) ਅਨੁਸਾਰ ਸਫਾਈ ਮੇਟ ਦੀ ਅਸਾਮੀ ਸਫਾਈ ਸੇਵਕਾਂ ਅਤੇ ਸੀਵਰਮੈਨ, ਜੋ ਇੱਕ ਜਾ ਦੋਨਾਂ ਅਸਾਮੀਆਂ ਦਾ ਪੰਜ ਸਾਲ ਤੋ ਵੱਧ ਦਾ ਤਜਰਬਾ ਹੋਣਾ ਲਾਜਮੀ ਹੈ ਅਤੇ ਨਿਯਮ 7(2) ਅਨੁਸਾਰ ਤਰੱਕੀ ਰਾਹੀਂ ਨਿਯੁੱਕਤੀ ਸੀਨੀਆਰਤਾਂ-ਕਮ-ਮੈਰਿਟ ਦੇ ਆਧਾਰ ਤੇ ਕੀਤੀ ਜਾਣੀ ਹੈ ਅਤੇ ਇਕੱਲੀ ਸੀਨੀਆਰਤਾਂ ਤਰੱਕੀ ਯੋਗ ਨਹੀ ਹੋਵੇਗੀ। ਇਸ ਸਮੇਂ ਨਗਰ ਨਿਗਮ ਵਿੱਚ ਸੀਵਰਮੈਨ ਦੀ ਕੋਈ ਅਸਾਮੀ ਰੈਗੂਲਰ ਤੌਰ ਤੇ ਨਹੀ ਭਰੀ ਹੋਈ ਹੈ। ਜਿਸ ਕਾਰਣ ਸਫਾਈ ਮੇਟ ਦੀਆਂ ਉਕੱਤ 10 ਅਸਾਮੀਆਂ ਸਫਾਈ ਸੇਵਕਾਂ ਵਿਚੋ ਸੀਨੀਆਰਤਾਂ-ਕਮ-ਮੈਰਿਟ ਦੇ ਆਧਾਰ ਤੇ ਭਰੀਆ ਜਾਣੀਆਂ ਹਨ।

ਪੰਜਾਬ ਸਰਕਾਰ ਦੇ ਅਨੁਸੂਚਿਤ ਜਾਤੀ ਅਤੇ ਪਛੱੜੀ ਸ਼੍ਰੇਣੀ, ਐਕਟ 2006 ਦੇ ਨਿਯਮ 4(4) ਅਨੁਸਾਰ ਗਰੁੱਪ-ਡੀ ਵਿੱਚ ਅਨੁਸੂਚਿਤ ਜਾਤੀ ਦਾ 20% ਰਾਖਵਾਂਕਰਨ ਨਿਰਧਾਰਿਤ ਹੈ, ਜਿਸ ਅਨੁਸਾਰ ਨੁਕਤਾ ਨੰ:1 ਅਤੇ ਨੁਕਤਾ ਨੰ:6 ਅਨੁਸੂਚਿਤ ਜਾਤੀ ਲਈ ਰਾਖਵੇਂ ਹਨ। ਪੰਜਾਬ ਸਰਕਾਰ ਦੀਆਂ ਹਦਾਇਤਾਂ ਮਿਤੀ 03.10.2019 ਦੇ ਨਿਯਮ 10 ਅਨੁਸਾਰ ਦਿਵਿਆਂਗ ਕਰਮਚਾਰੀਆਂ ਲਈ ਤਰੱਕੀ ਲਈ ਗਰੁੱਪ-ਡੀ ਲਈ ਨੁਕਤਾਂ ਨੰ:10 ਰਾਖਵਾਂ ਕੀਤਾ ਗਿਆ ਹੈ। ਜਿਸ ਅਨੁਸਾਰ ਉਕੱਤ 10 ਅਸਾਮੀਆਂ ਵਿਚੋ 2 ਅਸਾਮੀਆਂ ਅਨੁਸੂਚਿਤ ਜਾਤੀ ਅਤੇ 1 ਅਸਾਮੀ ਦਿਵਿਆਂਗ ਲਈ ਰਾਖਵੀਂ ਹੋਵੇਗੀ।

ਨਗਰ ਨਿਗਮ ਵਿੱਚ ਦੇ ਮਤਾ ਨੰ:3 ਮਿਤੀ 09.03.2020 ਰਾਹੀਂ ਫਾਇਨਲ ਕੀਤੀ ਗਈ ਸਫਾਈ ਸੇਵਕਾਂ ਵਿੱਚੋ ਸੀਨੀਆਰਤਾਂ ਸੂਚੀਂ ਦੇ ਲੜੀ**ਨੰ:1,6,8,10,13** ਅਤੇ **15** ਤੇ ਦਰਜ ਕਰਚਮਾਰੀਆਂ ਦੀ ਰਿਟਾਇਰਮੈਂਟ/ ਸਮਾਂ ਪੂਰਵ ਰਿਟਾਇਰਮੈਂਟ ਜਾਂ ਸੇਵਾ ਦੌਰਾਨ ਮੋਤ ਹੋ ਚੁੱਕੀ ਹੈ। ਜਿਸ ਕਾਰਣ ਸੀਨੀਆਰਤਾ ਸੂਚੀਂ ਦੇ ਲੜੀ **ਨੰ:2,3,4,5,7,9,11,12,14,16,17,18,19 ਅਤੇ 20** ਤੇ ਦਰਜ ਕਰਮਚਾਰੀਆਂ ਪਾਸੋਂ ਉਕੱਤ ਅਸਾਮੀ ਤੇ ਤਰੱਕੀ ਲੈਣ ਲਈ ਚਾਹਵਾਨ ਹੋਣ ਸਬੰਧੀ ਬਿਨੈ-ਪੱਤਰ ਲੈਣ ਲਈ ਹੈਲਥ ਸ਼ਾਖਾ ਨੂੰ ਪਿੱਠ ਅੰਕਣ ਨੰ:5701 ਮਿਤੀ 19.07.2022 ਅਤੇ ਪੱਤਰ ਨੰ:6299 ਮਿਤੀ 26.08.2022 ਅਤੇ ਪੱਤਰ ਨੰ:6794 ਮਿਤੀ 29.08.2022 ਰਾਹੀਂ ਲਿਖਿਆ ਗਿਆ ਸੀ। ਜਿਨ੍ਹਾਂ ਵਿਚੋਂ ਸੀਨੀਆਰਤਾਂ ਸੂਚੀਂ ਦੇ ਲੜੀ **ਨੰ:4,5,11,12,17** ਵਲੋਂ ਆਪਣੇ ਘਰੇਲੂ ਕਾਰਨਾਂ ਕਰਕੇ ਇਹ ਤਰੱਕੀ ਲੈਣ ਤੋ ਇੰਨਕਾਰ ਕੀਤਾ ਗਿਆ ਹੈ। ਇਸ ਸਬੰਧੀ ਉਨ੍ਹਾਂ ਵਲੋਂ ਬਿਨੈ ਪੱਤਰ ਸਮੇਤ ਸਵੈ-ਘੋਸ਼ਣਾ ਪੱਤਰ ਉਨ੍ਹਾਂ ਵਲੋਂ ਦਫਤਰ ਵਿਖੇ ਰਸੀਦ ਨੰ:4226 ਮਿਤੀ 23.09.2022, 3400 ਮਿਤੀ 04.08.2022, 3302 ਮਿਤੀ 27.07.2022, 3339 ਮਿਤੀ 01.08.2022, 4193 ਮਿਤੀ 22.09.2022 ਰਾਹੀਂ ਦਿੱਤੇ ਗਏ ਹਨ।

ਜਿਸ ਅਨੁਸਾਰ ਸੀਨੀਆਰਤਾਂ ਅਤੇ ਪੰਜ ਸਾਲ ਦਾ ਤਜਰਬਾ ਰੱਖਣ ਵਾਲੇ ਮੌਜੂਦਾ ਸਮੇਂ ਕੰਮ ਕਰ ਰਹੇ ਸਫਾਈ ਸੇਵਕਾਂ ਦੀ ਮੈਰਿਟ ਸੂਚੀਂ ਹੇਠ ਅਨੁਸਾਰ ਹੈ:-

| **ਲੜੀ ਨੰ:** | **ਸੀਨੀਆਰਤਾਂ ਸੂਚੀਂ ਦਾ ਲੜੀ ਨੰ:** | **ਕਰਮਚਾਰੀ ਦਾ ਨਾਮ** | **ਪਿਤਾ/ਪਤੀ ਦਾ ਨਾਮ** | **ਆਹੁੱਦਾ** | **ਨਿਯੁੱਕਤੀ ਮਿਤੀ** | **ਜਨਰਲ/ ਐਸ.ਸੀ./ ਬੀ.ਸੀ./** | ਰਿਮਾਕਸ |
|---|---|---|---|---|---|---|---|
| 1 | 2 | ਸ਼੍ਰੀ ਦਵਿੰਦਰ | ਸ਼੍ਰੀ ਰਾਮਪ੍ਰਕਾਸ਼ | ਸਫਾਈ ਸੇਵਕ | 01-05-1985 | ਐਸ.ਸੀ. | ਜਨਰਲ. ਨੁਕਤਾ ਨੰ:2 ਵਿਰੁੱਧ |
| 2 | 3 | ਸ਼੍ਰੀ ਰਵਿੰਦਰ | ਸ਼੍ਰੀ ਮੇਹਰ | ਸਫਾਈ ਸੇਵਕ | 01-05-1985 | ਐਸ.ਸੀ. | ਜਨਰਲ. ਨੁਕਤਾ ਨੰ:3 ਵਿਰੁੱਧ |
| 3 | 7 | ਸ਼੍ਰੀ ਰਜਿੰਦਰ | ਸ਼੍ਰੀ ਲਾਲ ਚੰਦ | ਸਫਾਈ ਸੇਵਕ | 11-04-1986 | ਐਸ.ਸੀ. | ਜਨਰਲ. ਨੁਕਤਾ ਨੰ:4 ਵਿਰੁੱਧ |
| 4 | 9 | ਸ਼੍ਰੀ ਸੋਹਣ | ਸ਼੍ਰੀ ਦੁਰਗਾ | ਸਫਾਈ ਸੇਵਕ | 01-09-1988 | ਐਸ.ਸੀ. | ਜਨਰਲ. ਨੁਕਤਾ ਨੰ:5 ਵਿਰੁੱਧ |
| 5 | 14 | ਸ਼੍ਰੀ ਧਰਮਿੰਦਰ | ਸ਼੍ਰੀ ਤਰਸੇਮ | ਸਫਾਈ ਸੇਵਕ | 11-10-1989 | ਐਸ.ਸੀ. | ਜਨਰਲ. ਨੁਕਤਾ ਨੰ:7 ਵਿਰੁੱਧ |
| 6 | 16 | ਸ਼੍ਰੀ ਜੈਗੋਪਾਲ | ਸ਼੍ਰੀ ਉਮਪ੍ਰਕਾਸ਼ | ਸਫਾਈ ਸੇਵਕ | 05-02-1992 | ਐਸ.ਸੀ. | ਜਨਰਲ. ਨੁਕਤਾ ਨੰ:8 ਵਿਰੁੱਧ |

| | | | | | | | |
|---|---|---|---|---|---|---|---|
| 7 | 18 | ਸ਼੍ਰੀ ਵਿੱਕੀ | ਸ਼੍ਰੀ ਰਾਮਪ੍ਰਕਾਸ਼ | ਸਫਾਈ ਸੇਵਕ | 05-02-1992 | ਐਸ.ਸੀ. | ਜਨਰਲ. ਨੁਕਤਾ ਨੰ:9 ਵਿਰੁੱਧ |
| 8 | 19 | ਸ਼੍ਰੀ ਅਸ਼ਵਨੀ | ਸ਼੍ਰੀ ਦਿੱਤ | ਸਫਾਈ ਸੇਵਕ | 05-02-1992 | ਐਸ.ਸੀ. | ਐਸ.ਸੀ.ਨੁਕਤਾ ਨੰ:1 ਵਿਰੁੱਧ |
| 9 | 20 | ਸ਼੍ਰੀ ਅਰੁਣ | ਸ਼੍ਰੀ ਭਗਤ ਰਾਮ | ਸਫਾਈ ਸੇਵਕ | 05-02-1992 | ਐਸ.ਸੀ. | ਐਸ.ਸੀ.ਨੁਕਤਾ ਨੰ:6 ਵਿਰੁੱਧ |

ਸੈਨੇਟਰੀ ਇੰਸਪੈਕਟਰ, ਹੈਲਥ ਸ਼ਾਖਾ ਵਲੋਂ ਉਕੱਤ ਕਰਮਚਾਰੀਆਂ ਦੇ ਕੰਮ ਕਾਜ ਦੀਆਂ ਕੀਤੀਆਂ ਗਈਆਂ ਰਿਪੋਰਟਾਂ ਅਨੁਸਾਰ ਉਨ੍ਹਾਂ ਦਾ ਕੰਮ ਕਾਜ ਤਸੱਲੀ ਬਖਸ਼ ਹੈ ਅਤੇ ਸਾਲ 2017-18 ਤੋਂ 2021-22 ਤੱਕ ਦੀਆਂ ਉਪਲਬੱਧ ਕਰਵਾਈਆ ਗਈਆਂ ਸਪੈਸ਼ਲ ਰਿਪੋਰਟਾਂ/ਗੁਪਤ ਰਿਪੋਰਟਾਂ ਵਿੱਚ ਇਨ੍ਹਾਂ ਕਰਮਚਾਰੀਆਂ ਦਾ ਖਾਕਾ ਦਰਜਾ "ਅੱਛਾ" ਲਿਖਿਆ ਹੋਇਆ ਹੈ।

ਸਰਕਾਰ ਵਲੋਂ ਜਾਰੀ ਛੇਵੇਂ ਪੇਅ ਕਮਿਸ਼ਨ ਦੀਆਂ ਸਿਫਾਰਸ਼ਾਂ ਅਨੁਸਾਰ ਸਫਾਈ ਸੇਵਕ ਦੀ ਅਸਾਮੀ ਅਤੇ ਸਫਾਈ ਮੇਟ ਦੀ ਅਸਾਮੀ ਇੱਕੋ ਸਕੇਲ (ਲੈਵਲ-1) ਦੀਆਂ ਹੋ ਗਈਆਂ ਹਨ। ਜਿਸ ਕਾਰਣ ਸਫਾਈ ਮੇਟ ਦੀ ਅਸਾਮੀ ਤੇ ਤਰੱਕੀ ਲਈ ਯੋਗ ਕਰਮਚਾਰੀਆਂ ਨੂੰ ਕੇਵਲ ਇੱਕ ਸਲਾਨਾਂ ਤਰੱਕੀ ਤੋ ਇਲਾਵਾ ਹੋਰ ਕੋਈ ਵਾਧੂ ਵਿੱਤੀ ਲਾਭ ਨਹੀ ਦਿੱਤਾ ਜਾਣਾ ਹੈ।

ਸਰਕਾਰ ਦੀਆ ਹਦਾਇਤਾਂ ਅਨੁਸਾਰ ਸੀਨੀਆਰਤਾਂ ਸੂਚੀਂ ਦੇ ਪਹਿਲੇ 50 ਕਰਮਚਾਰੀਆਂ ਵਿੱਚ ਕੋਈ ਦਿਵਿਆਂਗ ਕਰਮਚਾਰੀ ਨਾ ਹੋਣ ਕਾਰਨ ਇਹ ਅਸਾਮੀ ਖਾਲੀ ਰੱਖੀ ਜਾਣੀ ਯੋਗ ਹੋਵੇਗੀ। ਇਸ ਲਈ ਜੇਕਰ ਪ੍ਰਵਾਨ ਹੋਵੇ ਤਾਂ ਉਕੱਤ ਦਰਸਾਏ ਸਫਾਈ ਸੇਵਕਾਂ ਵਿੱਚੋ ਸੀਨੀਆਰਤਾਂ ਸੂਚੀਂ ਦੇ ਲੜੀ ਨੰ:2,3,7,9,14,16 ਅਤੇ 18 ਤੇ ਦਰਜ ਸਫਾਈ ਸੇਵਕਾਂ ਨੂੰ ਜਨਰਲ ਦੇ ਨੁਕਤਾ ਨੰ:2,3,4,5,7,8 ਅਤੇ 9 ਵਿਰੁੱਧ ਅਤੇ ਸੀਨੀਆਰਤਾਂ ਸੂਚੀਂ ਦੇ ਲੜੀ ਨੰ:19 ਅਤੇ 20 ਤੇ ਦਰਜ ਸਫਾਈ ਸੇਵਕਾਂ ਨੂੰ ਅਨੁਸੂਚਿਤ ਜਾਤੀ ਦੇ ਨੁਕੱਤਾ ਨੰ:1 ਅਤੇ 6 ਵਿਰੁੱਧ ਬਤੌਰ ਸਫਾਈ ਮੇਟ ਤਰੱਕੀ ਦੇਣ ਦਾ ਮਾਮਲਾ ਨਗਰ ਨਿਗਮ **ਦੀ** ਮੀਟਿੰਗ ਵਿੱਚ **ਵਿਚਾਰਨ ਅਤੇ** ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

## 5) **ਸੀਨੀਆਰਤਾਂ ਸੂਚੀ ਦੇ ਆਧਾਰ ਤੇ ਸਫਾਈ ਸੇਵਕਾਂ ਨੂੰ ਸਫਾਈ ਮੇਟ ਪਦਉੱਨਤ ਕਰਨ ਉਪਰੰਤ ਤਨਖਾਹ ਵਾਧੇ ਦੀ ਪ੍ਰਵਾਨਗੀ ਲੈਣ ਸਬੰਧੀ** (ਵਿੱਤੀ ਸਾਲ 2023-24)

**ਰਿਪੋਰਟ ਲੇਖਾਕਾਰ ਸਮੇਤ ਸਿਫਾਰਸ਼ ਸਹਾਇਕ ਕਮਿਸ਼ਨਰ** ਕਿ ਨਗਰ ਨਿਗਮ ਦੀ ਹੈਲਥ ਸ਼ਾਖਾ ਵਲੋਂ ਮਿਤੀ 09.06.2022 ਨੂੰ ਕੀਤੀ ਗਈ ਰਿਪੋਰਟ ਅਨੁਸਾਰ ਨਗਰ ਨਿਗਮ ਦੇ ਹਾਊਸ ਵਲੋਂ ਆਪਣੇ ਮਤਾ ਨੰ:78 ਮਿਤੀ 24.11.2021 ਰਾਹੀਂ ਹੈਲਥ ਸ਼ਾਖਾ ਦੇ ਫੀਲਡ ਦੇ ਕੰਮ ਦੇ ਵਧੀਆ ਢੰਗ ਦੇ ਨਿਪਟਾਰਾ/ਦੇਖਰੇਖ ਲਈ ਮਿਉਂਸਪਲ ਕਾਰਪੋਰੇਸ਼ਨ ਐਕਟ 1976 ਦੀ ਧਾਰਾ 71(5) ਅਧੀਨ ਨਗਰ ਨਿਗਮ, ਹੁਸ਼ਿਆਰਪੁਰ ਵਿੱਚ 10 ਸਫਾਈ ਮੇਟਾਂ ਦੀਆਂ ਅਸਾਮੀਆਂ ਦੀ ਸਿਰਜਨਾ ਕਰਨ ਬਜਟ ਸਾਲ 2021-22 ਵਿੱਚ ਉਕੱਤ ਅਸਾਮੀਆਂ ਦੇ ਖਰਚੇ ਦੀ ਤਜਵੀਜ ਪਾਸ ਕੀਤੀ ਗਈ ਸੀ। ਜਿਸ ਨੂੰ ਸਥਾਨਕ ਸਰਕਾਰ ਵਿਭਾਗ ਦੇ ਪੱਤਰ ਨੰ: ਸ5-ਡਸਸ-ਮਸਸ-2021/48910 ਮਿਤੀ 16.12.2021 ਰਾਹੀਂ ਪ੍ਰਵਾਨਗੀ ਦਿੰਦੇ ਹੋਏ ਲਿਖਿਆ ਹੈ ਕਿ ਬਜਟ ਵਿੱਚ ਇਨ੍ਹਾਂ ਅਸਾਮੀਆਂ ਦੇ ਖਰਚੇ ਦਾ ਉਪਬੰਧ ਕਰਨ ਲਈ ਸਰਕਾਰ ਦੇ ਰੂਲਾਂ/ਹਦਾਇਤਾਂ ਅਨੁਸਾਰ ਕਾਰਵਾਈ ਕੀਤੀ ਜਾਵੇ।

ਮਿਉਂਸਪਲ ਸਫਾਈ ਕਰਮਚਾਰੀ ਸਰਵਿਸ ਰੂਲ, 1984 ਅਧੀਨ ਸਫਾਈ ਮੇਟ ਦੀ ਅਸਾਮੀ ਸੀਨੀਆਰਤਾਂ-ਕਮ-ਮੈਰਿਟ ਦੇ ਆਧਾਰ ਤੇ ਤਰੱਕੀ ਦੀ ਅਸਾਮੀ ਹੈ। ਪੰਜਾਬ ਸਰਕਾਰ ਵਲੋਂ ਜਾਰੀ ਛੇਵੇਂ ਪੇਅ ਕਮਿਸ਼ਨ ਅਧੀਨ ਸਫਾਈ ਸੇਵਕ ਅਤੇ ਸਫਾਈ ਮੇਟ ਦੀ ਅਸਾਮੀ ਦੋਨੋ ਪੇਅ ਸਕੇਲ ਵਿੱਚ ਲੈਵਲ-1 ਅਧੀਨ ਆਉਂਦੀਆਂ ਹਨ। ਪੰਜਾਬ ਸਿਵਲ ਸੇਵਾਵਾਂ ਦੇ ਅਧਿਆਏ 4 ਦੇ ਨਿਯਮ 4.1(i) ਅਨੁਸਾਰ "ਜੇਕਰ ਨਵੀ ਅਸਾਮੀ ਤੇ ਨਿਯੁੱਕਤੀ ਵਿੱਚ ਅਜਿਹੀ ਸਥਾਈ ਅਸਾਮੀ ਨਾਲ ਸਬੰਧਤ ਡਿਊਟੀਆਂ ਜਾਂ ਜਿਮੇਂਵਾਰੀਆਂ ਨਾਲੋ ਵਧੇਰੀ ਮਹੱਤਤਾ ਵਾਲੀਆ ਡਿਊਟੀਆਂ ਜਾਂ ਜਿਮੇਂਵਾਰੀਆਂ ਸ਼ਾਮਲ ਹੋਣ, ਤਦ ਉਹ ਮੁਢੱਲੇ ਤਨਖਾਹ ਦੇ ਤੌਰ ਤੇ ਉਹ ਤਨਖਾਹ ਲਵੇਗਾ, ਜੋ ਉਸ ਦੀ ਪੁਰਾਣੀ ਅਸਾਮੀ ਤੇ ਸਮਾਂ ਸਕੇਲ ਵਿੱਚ ਪੱਕੀ ਤਨਖਾਹ ਤੋ ਤਰੁੰਤ ਉਪਰ ਦੀ ਸਟੇਜ ਹੈ"। ਜਿਸ ਅਨੁਸਾਰ ਸਫਾਈ ਮੇਟ ਦੀ ਅਸਾਮੀ ਤੇ ਤਰੱਕੀ ਲਈ ਯੋਗ ਕਰਮਚਾਰੀਆਂ ਨੂੰ ਕੇਵਲ ਇੱਕ ਸਲਾਨਾਂ ਤਰੱਕੀ ਤੋ ਇਲਾਵਾ ਹੋਰ ਕੋਈ ਵਾਧੂ ਵਿੱਤੀ ਲਾਭ ਨਹੀ ਦਿੱਤਾ ਜਾਣਾ ਹੈ। ਸਫਾਈ ਸੇਵਕਾਂ ਵਿੱਚੋ ਬਤੌਰ ਸਫਾਈ ਮੇਟ ਤਰੱਕੀ ਦੇਣ ਨਾਲ ਇੱਕ ਕਰਮਚਾਰੀ ਦੀ ਤਨਖਾਹ ਵਿੱਚ ਲੱਗਭਗ 1932/- ਰੁਪਏ ਮਹੀਨੇ ਅਤੇ 23,184/- ਰੁਪਏ ਸਲਾਨਾਂ ਦਾ ਵਾਧੂ ਖਰਚਾ ਹੋਵੇਗਾ। ਜਿਸ ਅਨੁਸਾਰ 10 ਕਰਮਚਾਰੀਆਂ ਨੂੰ ਤਰੱਕੀ ਦੇਣ ਨਾਲ ਲੱਗਭਗ 19320/- ਮਹੀਨਾ ਅਤੇ 2,31,840/- ਸਲਾਨਾਂ ਦਾ ਸਾਲ 2023-24 ਦੇ ਬਜਟ ਵਿੱਚ ਵਾਧੂ ਖਰਚਾ ਹੋਵੇਗਾ। ਨਗਰ ਨਿਗਮ ਦੇ ਬਜਟ ਸਾਲ 2023-24 ਵਿੱਚ ਉਕੱਤ ਅਸਾਮੀਆਂ ਅਤੇ ਇਨ੍ਹਾਂ ਦਾ ਖਰਚਾ ਸ਼ਾਮਲ ਨਹੀ ਹੈ। ਇਸ ਲਈ ਨਗਰ ਨਿਗਮ ਦੇ ਬਜਟ ਸਾਲ 2023-24 ਵਿੱਚ ਸਫਾਈ ਮੇਟ ਦੀਆਂ 10 ਅਸਾਮੀਆਂ ਨੂੰ ਸ਼ਾਮਲ ਕਰਨ ਅਤੇ ਉਨ੍ਹਾਂ ਨੂੰ ਤਰੱਕੀ ਰਾਹੀਂ ਭਰਨ ਤੇ ਆਉਣ ਵਾਲੇ ਖਰਚ ਨੂੰ ਪ੍ਰਵਾਨ ਕਰਨ ਦਾ ਮਾਮਲਾ **ਹਾਊਸ ਦੀ ਮੀਟਿੰਗ ਵਿਚ ਵਿਚਾਰਨ ਅਤੇ** **ਪ੍ਰਵਾਨਗੀ ਹਿੱਤ ਪੇਸ਼ ਹੈ ਜੀ।**

6) **ਸੁਪਰਵਾਈਜ਼ਰ (ਹੋਰਟੀਕਲਚਰ) ਦੀ ਆਸਾਮੀ ਦੀ ਰਚਨਾ ਕਰਨ ਸਬੰਧੀ।**

**ਰਿਪੋਰਟ ਲੇਖਾਕਾਰ ਸਮੇਤ ਸਿਫਾਰਸ਼ ਸਹਾਇਕ ਕਮਿਸ਼ਨਰ** ਕਿ ਨਗਰ ਨਿਗਮ, ਹੁਸ਼ਿਆਰਪੁਰ ਨੂੰ ਮਿਤੀ 17.09.2013 ਨਗਰ ਨਿਗਮ ਦਾ ਦਰਜ਼ਾ ਮਿਲਣ ਉਪਰੰਤ ਅਤੇ ਇਸ ਦੇ 30 ਵਾਰਡਾਂ ਤੋਂ 50 ਵਾਰਡ ਹੋਣ ਕਾਰਣ ਇੱਥੇ ਸਾਰੇ ਕੰਮਾਂ ਦੇ ਨਾਲ ਹੋਰਟੀਕਲਚਰ ਦੇ ਕੰਮ ਵਿੱਚ ਭਾਰੀ ਵਾਧਾ ਹੋਇਆ ਹੈ। ਨਗਰ ਨਿਗਮ ਵਿਖੇ ਇਸ ਕੰਮ ਨੂੰ ਦੇਖਦੇ ਹੋਏ ਸਰਕਾਰ ਦੇ ਹੁਕਮ ਨੰ: 14/135/2012-5ਸਸ1/1004 ਮਿਤੀ 27.08.2020 ਰਾਹੀਂ ਇਸ ਨਗਰ ਨਿਗਮ ਵਿਖੇ 1 ਸੁਪਰਵਾਈਜ਼ਰ (ਹੋਰਟੀਕਲਚਰ) ਦੀ ਆਸਾਮੀ ਦੀ ਰਚਨਾ ਕੀਤੀ ਗਈ ਹੈ। ਇਸ ਲਈ ਹੋਰਟੀਕਲਚਰ ਦੇ ਕੰਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਇਕ ਹੋਰ ਸੁਪਰਵਾਈਜ਼ਰ (ਹੋਰਟੀਕਲਚਰ) ਦੀ ਆਸਾਮੀ ਦੀ ਜਰੂਰਤ ਹੈ। ਇਹ ਅਸਾਮੀ ਤਰੱਕੀ ਰਾਹੀਂ ਭਰੀ ਜਾਣੀ ਹੈ ਜਿਸ ਕਾਰਨ ਅਮਲੇ ਤੇ ਲਗਭਗ ਸਲਾਨਾ 22464/- **ਆਉਣਾ** ਹੈ।_ਨਗਰ ਨਿਗਮ ਦੋ ਸੁਪਰਵਾਈਜ਼ਰਾਂ (ਹੋਰਟੀਕਲਚਰ) ਦਾ ਖਰਚਾ ਸਹਿਣ ਲਈ ਸਮਰੱਥ ਹੈ।ਸੁਪਰਵਾਈਜ਼ਰ (ਹੋਰਟੀਕਲਚਰ) ਦੀ ਆਸਾਮੀ ਦੀ ਰਚਨਾ ਕਰਨ ਲਈ ਮਾਮਲਾ ਨਗਰ ਨਿਗਮ ਦੀ ਹਾਊਸ ਦੀ ਮੀਟਿੰਗ ਵਿੱਚ ਵਿਚਾਰਨ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

7) **ਨਗਰ ਨਿਗਮ, ਹੁਸ਼ਿਆਰਪੁਰ ਵਿੱਚ ਕੰਮ ਕਰ ਰਹੇ ਦਰਜਾ-3 ਅਤੇ ਦਰਜ਼ਾ-4 ਕਰਮਚਾਰੀਆਂ ਵਿੱਚੋਂ ਯੋਗ ਕਰਮਚਾਰੀਆਂ ਨੂੰ ਬਤੌਰ ਸੈਨੇਟਰੀ ਸੁਪਰਵਾਈਜ਼ਰ ਤਰੱਕੀ ਦੇਣ ਸਬੰਧੀ।**

**ਰਿਪੋਰਟ ਲੇਖਾਕਾਰ ਸਮੇਤ ਸਿਫਾਰਸ਼ ਸਹਾਇਕ ਕਮਿਸ਼ਨਰ** ਕਿ ਸ਼੍ਰੀ ਨਿਤਿਨ ਕੁਮਾਰ, ਸੇਵਾਦਾਰ ਵੱਲੋਂ ਇਸ ਦਫ਼ਤਰ ਦੇ ਡਾਇਰੀ ਨੰ: 1097 ਮਿਤੀ 06.04.2023 ਰਾਹੀਂ ਬਿਨੈ-ਪੱਤਰ ਦਿੰਦੇ ਹੋਏ ਲਿਖਿਆ ਹੈ ਕਿ ਉਹ ਨਗਰ ਨਿਗਮ, ਹੁਸ਼ਿਆਰਪੁਰ ਵਿਖੇ ਬਤੌਰ ਸੇਵਾਦਾਰ ਵਜੋਂ ਸੇਵਾ ਨਿਭਾ ਰਿਹਾ ਹੈ ਅਤੇ ਉਸ ਵੱਲੋਂ ਨੌਕਰੀ ਜੁਆਇੰਨ ਕਰਨ ਤੋਂ ਪਹਿਲਾਂ 12ਵੀਂ ਪਾਸ ਕੀਤੀ ਹੋਈ ਹੈ। ਇਸ ਤੋਂ ਇਲਾਵਾ ਸਰਵਿਸ ਦੌਰਾਨ ਮਾਨਯੋਗ ਕਮਿਸ਼ਨਰ ਜੀ ਪਾਸੋਂ ਆਪਣੇ ਪੱਤਰ ਨੰ: 5212 ਮਿਤੀ 23.2023 ਰਾਹੀਂ ਵਿੱਦਿਅਕ ਯੋਗਤਾ ਵਿੱਚ ਵਾਧਾ ਕਰਨ ਲਈ ਮਾਤਾ ਚਰਨ ਕੌਰ ਆਫ ਪਬਲਿਕ ਹੈਲਥ ਅੰਮ੍ਰਿਤਸਰ ਤੋਂ ਸੈਨੇਟਰੀ ਇੰਸਪੈਕਟਰ ਦਾ ਡਿਪਲੋਮਾ ਕਰਨ ਦੀ ਪ੍ਰਵਾਨਗੀ ਲਈ ਗਈ ਸੀ, ਇਸ ਤੋਂ ਬਾਅਦ Exam Seat No. 031409815 ਰਾਹੀਂ ਸੈਨੇਟਰੀ ਇੰਸਪੈਕਟਰ ਦਾ ਡਿਪਲੋਮਾ ਪਾਸ ਕਰ ਲਿਆ ਹੈ ਅਤੇ ਜਿਸ ਦੇ ਸਬੂਤ ਵੱਜੋਂ ਸਵੈ-ਤਸਦੀਪਸ਼ੁਦਾਂ ਫਾਈਨਲ ਡਿਗਰੀ ਦੀ ਫੋਟੋਕਾਪੀ ਨਾਲ ਨੱਥੀ ਕੀਤੀ ਹੈ।

ਨਗਰ ਨਿਗਮ, ਹੁਸ਼ਿਆਰਪੁਰ ਵੱਲੋਂ ਆਪਣੇ ਮਤਾ ਨੰ: 48 ਮਿਤੀ 19.07.2021 ਰਾਹੀਂ ਨਗਰ ਨਿਗਮ ਮੋਹਾਲੀ ਦੇ ਸੈਨੇਟਰੀ ਸੁਪਰਵਾਈਜ਼ਰ ਪ੍ਰੋਮਟ ਕਰਨ ਲਈ ਰੂਲਜ਼ ਅਡਾਪਟ ਕਰਨ ਲਈ ਹਾਊਸ ਦੀ ਪ੍ਰਵਾਨਗੀ ਤੋਂ ਬਾਅਦ ਮੁੱਖ ਦਫ਼ਤਰ ਤੋਂ ਪ੍ਰਵਾਨਗੀ ਲਈ ਭੇਜੇ ਗਏ ਸਨ। ਪੰਜਾਬ ਸਰਕਾਰ, ਸਥਾਨਕ ਸਰਕਾਰ ਵਿਭਾਗ , ਪੰਜਾਬ ਚੰਡੀਗੜ੍ਹ ਜੀ ਪਾਸੋਂ ਆਪਣੇ ਪੱਤਰ ਨੰ: ਸ5-ਡਸਸ-ਮਸਸ-2021/31648 ਮਿਤੀ 06.08.2021 ਰਾਹੀਂ ਪ੍ਰਵਾਨ ਕੀਤਾ ਗਿਆ ਹੈ। ਜਿਸ ਅਨੁਸਾਰ ਦਰਜ਼ਾ-3 ਅਤੇ ਦਰਜ਼ਾ-4 ਦੀ ਤਰੱਕੀ ਲਈ ਜਿਸ ਪਾਸ ਸੈਨੀਟੇਸ਼ਨ ਵਿੱਚ ਇੱਕ ਸਾਲ ਦਾ ਡਿਪਲੋਮਾ ਕਿਸੇ ਮਾਨਤਾ ਪ੍ਰਾਪਤ ਸੰਸਥਾਂ ਤੋਂ ਹੋਵੇ, ਦਸਵੀਂ ਪੰਜਾਬੀ ਵਿਸ਼ੇ ਨਾਲ ਪਾਸ ਕੀਤੀ ਹੋਵੇ ਜਾਂ ਪੰਜਾਬੀ ਵਿਸ਼ੇ ਦੀ ਪ੍ਰੀਖਿਆ ਵਾਧੂ ਵਿਸ਼ੇ ਵੱਜੋਂ ਪਾਸ ਕੀਤੀ ਹੋਵੇ ਅਤੇ ਘੱਟੋ-ਘੱਟ 5 ਸਾਲ ਦਾ ਤਜ਼ਰਬਾ ਹੋਣਾ ਜਰੂਰੀ **ਹੈ।(ਫਲੈਗ-1)**

ਇੱਥੇ ਦੱਸਣ ਯੋਗ ਹੈ ਕਿ ਨਗਰ ਨਿਗਮ ਦੇ ਮਤਾ ਨੰ: 55 ਮਿਤੀ 16.09.2021 ਰਾਹੀਂ ਅਤੇ ਸਰਕਾਰ ਦੇ ਪੱਤਰ ਨੰ: ਸ5-ਡਸਸ-ਮਸਸ-2021/40560 ਮਿਤੀ 30.09.2021 ਰਾਹੀਂ ਪ੍ਰਵਾਨਗੀ ਦਿੰਦੇ ਹੋਏ ਲਿਖਿਆ ਹੈ ਕਿ ਗੈਰਪ੍ਰਾਂਤੀਕਰਨ ਕਰਮਚਾਰੀਆਂ ਦੀ ਨਿਯੁੱਕਤੀ ਅਤੇ ਹੋਰ ਸੇਵਾ ਮਾਮਲਿਆਂ ਨੂੰ ਨਜਿੱਠਣ ਸਬੰਧੀ ਨਗਰ ਨਿਗਮ, ਸਮੱਰਥ ਅਥਾਰਟੀ ਹੈ। ਜਿਸ ਅਨੁਸਾਰ ਸ਼੍ਰੀ ਕਰਨਜੋਤ, ਸਫਾਈ ਸੇਵਕ ਅਤੇ ਸ਼੍ਰੀ ਹੀਰਾ ਲਾਲ, ਸਫਾਈ ਸੇਵਕ ਨੂੰ ਦਰਜ਼ਾ-4 ਤੋਂ ਸੈਨੇਟਰੀ ਸੁਪਰਵਾਈਜ਼ਰ ਪ੍ਰਮੋਟ ਕੀਤਾ ਗਿਆ ਸੀ। **(ਫਲੈਗ-2)**

ਹੁਣ ਉਕਤ ਪ੍ਰਾਰਥੀ ਵੱਲੋਂ ਇਸ ਦਫ਼ਤਰ ਦੇ ਨੋਟਿਸ ਵਿੱਚ ਲਿਆਂਦੇ ਤੱਥਾਂ ਅਤੇ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਨਿਗਮ ਦੇ ਸਾਰੇ ਦਰਜਾ-3 ਅਤੇ ਦਰਜ਼ਾ-4 ਕਰਮਚਾਰੀਆਂ ਵਿੱਚੋਂ ਬਤੌਰ ਸੈਨੇਟਰੀ ਸੁਪਰਵਾਈਜ਼ਰ ਤਰੱਕੀ ਦੇਣੀ ਯੋਗ ਹੋਵੇਗੀ ਤਾਂ ਜੋ ਕਿਸੇ ਪ੍ਰਕਾਰ ਦੀ ਲਿਟੀਗੇਸ਼ਨ ਤੋਂ ਬਚਿਆ ਜਾ ਸਕੇ ਅਤੇ ਸਰਕਾਰ ਦੀਆਂ ਹਦਾਇਤਾਂ ਦੀ ਸਹੀ ਢੰਗ ਨਾਲ ਪਾਲਣਾ ਕੀਤੀ ਜਾ ਸਕੇ। ਬਤੌਰ ਸੈਨੇਟਰੀ ਸੁਪਰਵਾਈਜ਼ਰ ਤਰੱਕੀ ਲੈਣ ਲਈ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਯੋਗਤਾਂ ਸੈਨੀਟੇਸ਼ਨ ਵਿੱਚ ਇੱਕ ਸਾਲ ਦਾ ਡਿਪਲੋਮਾ ਕਿਸੇ ਮਾਨਤਾ ਪ੍ਰਾਪਤ ਸੰਸਥਾਂ ਤੋਂ ਹੋਵੇ, ਦਸਵੀਂ ਪੰਜਾਬੀ ਵਿਸ਼ੇ ਨਾਲ ਪਾਸ ਕੀਤੀ ਹੋਵੇ ਜਾਂ ਪੰਜਾਬੀ ਵਿਸ਼ੇ ਦੀ ਪ੍ਰੀਖਿਆ ਵਾਧੂ ਵਿਸ਼ੇ ਵੱਜੋਂ ਪਾਸ ਕੀਤੀ ਹੋਵੇ ਅਤੇ ਘੱਟੋ-ਘੱਟ 5 ਸਾਲ ਦਾ ਤਜ਼ਰਬਾ ਨਿਰਧਾਰਿਤ ਹੈ। ਇਸ ਲਈ ਉਕਤ ਯੋਗਤਾਵਾਂ ਪੂਰੀਆਂ ਕਰਨ ਵਾਲੇ ਦਰਜਾ-3 ਅਤੇ ਦਰਜ਼ਾ-4 ਕਰਮਚਾਰੀਆਂ ਤੋਂ ਤਰੱਕੀ ਲੈਣ ਲਈ ਬੇਨਤੀਆਂ ਲੈਣ ਲਈ ਦਫ਼ਤਰ ਵੱਲੋਂ ਦਫ਼ਤਰੀ ਹੁਕਮ ਨੰ: 641 ਮਿਤੀ 12.05.2023 ਤੋਂ ਮਿਤੀ 18.05.2023 ਤੱਕ ਦਰਖਾਸਤਾਂ ਦੀ ਮੰਗ ਕੀਤੀ ਗਈ ਸੀ, ਜਿਹਨਾਂ ਵਿੱਚੋਂ ਪਹਿਲਾ ਆਈ ਦਰਖਾਸਤ ਸ਼੍ਰੀ ਨਿਤਿਨ ਕੁਮਾਰ, ਸੇਵਦਾਰ ਤੋਂ ਇਲਾਵਾ ਹੋ ਕੋਈ ਵੀ ਦਰਖਾਸਤ ਪ੍ਰਾਪਤ ਹੋਈ ਦਰਖਾਸਤ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ ਜੀ:-

| ਲੜੀ ਨੰ: | ਕਰਮਚਾਰੀ ਦਾ ਨਾਮ | ਅਹੁੱਦਾ | ਨਿਯੁਕਤੀ ਦੀ ਮਿਤੀ | ਜਨਮ ਦੀ ਮਿਤੀ | ਵਿੱਦਿਅਕ ਯੋਗਤਾ | ਮੈਟ੍ਰਿਕ ਪੰਜਾਬੀ ਵਿਸ਼ੇ ਨਾਲ ਪਾਸ ਹਾਂ/ਨਾਹ | ਐਸੀ.ਸੀ/ ਬੀ.ਸੀ/ ਜਨਰਲ | ਵਿਸ਼ੇਸ਼ ਕਥਨ |
|---|---|---|---|---|---|---|---|---|
| 1 | ਸ਼੍ਰੀ ਨਿਤਿਨ ਕੁਮਾਰ | ਸੇਵਾਦਾਰ | 04.01.2023 (F.N) | 29.09.1991 | 10th, 12th & Sanitary Inspector Diploma | ਹਾਂ | ਐਸ.ਸੀ | ਜਨਰਲ, ਨੁਕਤਾ ਨੰ: 3 ਵਿਰੁੱਧ |

ਸ਼੍ਰੀ ਨਿਤਿਨ ਕੁਮਾਰ, ਸੇਵਾਦਾਰ ਦੇ ਮੁੱਖੀ ਸੁਪਰਡੰਟ ਜਨਰਲ ਦੀ ਰਿਪੋਰਟ ਮਿਤੀ 02.05.2023 ਅਨੁਸਾਰ ਇਸ ਦਾ ਕੰਮਕਾਜ ਬਹੁੱਤ ਅੱਛਾ ਹੈ ਅਤੇ ਬਤੌਰ ਸੈਨੇਟਰੀ ਸੁਪਰਵਾਈਜ਼ਰ ਤਰੱਕੀ ਦੇਣ ਦੀ ਸ਼ਿਫਾਰਿਸ਼ ਕੀਤੀ ਹੈ। ਸੁਰਪਡੰਟ (ਜ) ਵੱਲੋਂ ਸਬੰਧਤ ਕਰਮਚਾਰੀ ਦੀਆਂ ਪਿਛਲੇ ਪੰਜ ਸਾਲਾਂ ਦੀਆਂ ਸਾਲ 2017-18 ਤੋਂ 2022-2023 ਤੱਕ ਦੀਆਂ ਅਸਲ ਗੁਪਤ ਰਿਪੋਰਟਾਂ ਨਾਲ ਨੱਥੀ ਕੀਤੀਆਂ ਗਈਆਂ ਹਨ।

ਇੱਥੇ ਦੱਸਣ ਯੋਗ ਹੈ ਕਿ ਨਗਰ ਨਿਗਮ, ਹੁਸ਼ਿਆਰਪੁਰ ਵੱਲੋਂ ਸੈਨੇਟਰੀ ਸੁਪਰਵਾਈਜ਼ਰ ਦੀਆਂ ਕੁੱਲ 10 ਆਸਾਮੀਆਂ ਪ੍ਰਾਵਨਤ ਕੀਤੀਆਂ ਗਈਆਂ ਹਨ। ਸਰਕਾਰ ਦੀਆਂ ਹਦਾਇਤਾਂ ਅਨੁਸਾਰ ਅਤੇ ਮਤਾ ਨੰ: 48 ਮਿਤੀ 19.07.2021 ਦੀ ਰੋਸ਼ਨੀ ਵਿੱਚ ਸ਼੍ਰੀ ਨਿਤਿਨ ਕੁਮਾਰ, ਸੇਵਾਦਾਰ ਨੂੰ ਬਤੌਰ ਸੈਨੇਟਰੀ ਸੁਪਰਵਾਈਜ਼ਰ ਦਰਜ਼ਾ-4 ਤੋਂ ਦਰਜ਼ਾ-3 ਦੀ ਆਸਾਮੀ ਤੇ ਤਰੱਕੀ ਲਈ ਘੱਟੋ-ਘੱਟ 5 ਸਾਲਾਂ ਦਾ ਤਜ਼ਰਬਾ ਪੂਰਾ ਹੋਣਾ ਜਰੂਰੀ ਹੈ, ਜੋ ਕਰਮਚਾਰੀ ਪੂਰਾ ਕਰਦਾ ਹੈ ਤੇ ਇਸ ਵੱਲੋਂ ਸੈਨੇਟਰੀ ਇੰਸਪੈਕਟਰ ਦਾ ਡਿਪਲੋਮਾ ਕੀਤਾ ਹੋਇਆ ਹੈ ਅਤੇ ਕਰਮਚਾਰੀ ਵੱਲੋਂ ਵਿੱਦਿਅਕ ਯੋਗਤਾ ਪੂਰੀ ਹੈ। ਇਸ ਲਈ ਜੇਕਰ ਪ੍ਰਵਾਨ ਹੋਵੇ ਤਾਂ ਸ਼੍ਰੀ ਨੀਤੀਨ ਕੁਮਾਰ, ਸੇਵਾਦਾਰ ਨੂੰ ਰੋਸਟਰ ਰਜਿਸਟਰ ਅਨੁਸਾਰ ਜਨਰਲ ਦੇ ਨੁਕਤਾ ਨੰ:3 ਵਿਰੁੱਧ ਬਤੌਰ ਸੈਨੇਟਰੀ ਸੁਪਰਵਾਈਜ਼ਰ ਤਰੱਕੀ ਦੇਣ ਦਾ ਮਾਮਲਾ ਨਗਰ ਨਿਗਮ ਦੀ ਮੀਟਿੰਗ ਵਿਚ ਵਿਚਾਰਨ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

8) **ਸੁਪਰਵਾਈਜ਼ਰ (ਹੋਰਟੀਕਲਚਰ) ਦੀ ਆਸਾਮੀ ਦੇ ਰੂਲ ਅਡਾਪਟ ਕਰਨ ਸਬੰਧੀ।**

**ਰਿਪੋਰਟ ਸੁਪਰਡੰਟ ਅਮਲਾ ਸਮੇਤ ਸਿਫਾਰਸ਼ ਸਹਾਇਕ ਕਮਿਸ਼ਨਰ** ਕਿ ਨਗਰ ਨਿਗਮ, ਹੁਸ਼ਿਆਰਪੁਰ ਨੂੰ ਮਿਤੀ 17.09.2013 ਨਗਰ ਨਿਗਮ ਦਾ ਦਰਜ਼ਾ ਮਿਲਣ ਉਪਰੰਤ ਅਤੇ ਇਸ ਦੇ 30 ਵਾਰਡਾਂ ਤੋਂ 50 ਵਾਰਡ ਹੋਣ ਕਾਰਣ ਇੱਥੇ ਸਾਰੇ ਕੰਮਾਂ ਦੇ ਨਾਲ ਹੋਰਟੀਕਲਚਰ ਦੇ ਕੰਮ ਵਿੱਚ ਭਾਰੀ ਵਾਧਾ ਹੋਇਆ ਹੈ। ਨਗਰ ਨਿਗਮ ਵਿਖੇ ਇਸ ਕੰਮ ਨੂੰ ਦੇਖਦੇ ਹੋਏ ਸਰਕਾਰ ਦੇ ਹੁਕਮ ਨੰ: 14/135/2012-5ਸਸ1/1004 ਮਿਤੀ 27.08.2020 ਰਾਹੀਂ ਇਸ ਨਗਰ ਨਿਗਮ ਵਿਖੇ 1 ਸੁਪਰਵਾਈਜ਼ਰ (ਹੋਰਟੀਕਲਚਰ) ਦੀ ਆਸਾਮੀ ਦੀ ਰਚਨਾ ਕੀਤੀ ਗਈ ਹੈ। ਨਗਰ ਨਿਗਮ ਵਿਖੇ ਹੋਰਟੀਕਲਚਰ ਦੇ ਕੰਮ ਨੂੰ ਦੇਖਦੇ ਹੋਏ ਇਹ ਆਸਾਮੀ ਤਰੱਕੀ ਨਾਲ ਭਰਨੀ ਜਰੂਰੀ ਹਨ। ਇਸ ਲਈ ਹੋਰਟੀਕਲਚਰ ਦੇ ਕੰਮ ਦੀ ਸੁਪਰਵੀਜ਼ਨ ਲਈ ਸੁਪਰਵਾਈਜ਼ਰ (ਹੋਰਟੀਕਲਚਰ) ਦੀ ਆਸਾਮੀ ਤਰੱਕੀ ਨਾਲ ਭਰਨੀ ਬਣਦੀ ਹੈ।, ਪ੍ਰੰਤੂ ਇੱਥੇ ਇਹ ਦੱਸਣ ਯੋਗ ਹੈ ਕਿ ਸੁਪਰਵਾਈਜ਼ਰ (ਹੋਰਟੀਕਲਚਰ) ਦੀ ਆਸਾਮੀ ਨੂੰ ਸਿੱਧੇ ਤੌਰ ਤੇ ਜਾਂ ਤਰੱਕੀ ਰਾਹੀਂ ਭਰਨ ਲਈ ਸਰਕਾਰ ਵੱਲੋਂ ਕੋਈ ਵੀ ਯੋਗਤਾਵਾਂ ਨਿਰਧਾਰਤ ਨਹੀ ਹਨ। ਨਗਰ ਨਿਗਮ, ਹੁਸ਼ਿਆਰਪੁਰ ਵਿਖੇ ਇਸ ਆਸਾਮੀ ਨੂੰ ਤਰੱਕੀ ਰਾਹੀਂ ਜਾਂ ਸਿੱਧੇ ਕੋਟੇ ਵਿੱਚ ਭਰਨ ਲਈ ਜੋ ਸਰਵਿਸ ਰੂਲਜ਼ ਨਗਰ ਨਿਗਮ, ਜਲੰਧਰ ਨੇ ਮਤਾ ਨੰ: 144 ਰਾਹੀਂ ਲੜੀ ਨੰ:9 ਤੇ ਸੁਪਰਵਾਈਜ਼ਰ (ਹੋਰਟੀਕਲਚਰ) ਪ੍ਰਮੋਟ ਕਰਨ ਲਈ ਜੋ ਰੂਲਜ਼ ਬਣਾਏ ਗਏ ਹਨ ਉਹਨਾਂ ਨੂੰ ਨਗਰ ਨਿਗਮ, ਹੁਸ਼ਿਆਰਪੁਰ ਵਿੱਚ ਸੁਪਰਵਾਈਜ਼ਰ (ਹੋਰਟੀਕਲਚਰ) ਦੀ ਬਣਦੀ ਤਰੱਕੀ ਦੇਣ ਲਈ ਰੂਲਜ਼ ਅਡਾਪਟ ਕਰਨ ਲਈ ਮਾਮਲਾ ਨਗਰ ਨਿਗਮ ਦੀ ਹਾਊਸ ਦੀ ਮੀਟਿੰਗ ਵਿੱਚ ਵਿਚਾਰਨ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

9) **ਨਗਰ ਨਿਗਮ ਹੁਸ਼ਿਆਰਪੁਰ ਵੱਲੋਂ 151 ਸਫਾਈ ਸੇਵਕ ਅਤੇ 40 ਸੀਵਰਮੈਨਾਂ ਨੂੰ ਇੱਕ ਸਾਲ ਲਈ ਠੇਕੇ ਤੇ ਰੱਖਣ ਸਬੰਧੀ।**

ਰਿਪੋਰਟ ਚੀਫ ਸੈਨਟਰੀ ਇੰਸਪੈਕਟਰ ਸਮੇਤ ਸਿਫਾਰਸ਼ ਸਕੱਤਰ ਕਿ ਨਗਰ ਨਿਗਮ ਹੁਸ਼ਿਆਰਪੁਰ ਵੱਲੋਂ ਸਥਾਨਕ ਸਰਕਾਰ ਵਿਭਾਗ ਦੇ ਪੱਤਰ ਨੰ. ਸ1-ਜਸ-ਡਸਸ-2021/24511-24513 ਮਿਤੀ 23.06.2021 ਦੀ ਗਾਈਡਲਾਈਨ ਅਨੁਸਾਰ ਨਗਰ ਨਿਗਮ ਦੇ ਮਤਾ ਨੰ. 02 ਮਿਤੀ 19.07.2021 ਜੋ ਕਿ ਡਾਇਰੈਕਟਰ, ਸਥਾਨਕ ਸਰਕਾਰ ਵਿਭਾਗ ਚੰਡੀਗੜ੍ਹ ਜੀ ਦੇ ਦਫਤਰ ਦੇ ਪੱਤਰ ਨੰ. ਸ1-ਡਸਸ-2021/31/44 ਮਿਤੀ 03.08.2021 ਰਾਹੀਂ ਪ੍ਰਵਾਨ ਕੀਤਾ ਗਿਆ ਸੀ ਅਤੇ ਮਤਾ ਨੰ. 53 ਮਿਤੀ 16.09.2021, ਜੋ ਕਿ ਡਾਇਰੈਕਟਰ ਸਥਾਨਕ ਸਰਕਾਰ ਵਿਭਾਗ, ਚੰਡੀਗੜ ਜੀ ਦੇ ਦਫਤਰ ਦੇ ਪੱਤਰ ਨੰ. ਸ1-ਡਸਸ-2021/42525 ਰਾਹੀਂ ਸਫਾਈ ਸੇਵਕਾਂ ਦੀਆਂ 220 ਅਸਾਮੀਆਂ ਅਤੇ ਸੀਵਰਮੈਨਾਂ ਦੀਆਂ 40 ਅਸਾਮੀਆਂ ਤੇ ਠੇਕਾ ਅਧਾਰਤ ਭਰਤੀ ਕਰਨ ਲਈ ਪ੍ਰਵਾਨ ਕਰ ਲਿਆ

ਗਿਆ ਸੀ। ਉਪਰੋਕਤ ਨੂੰ ਮੁੱਖ ਰੱਖਦੇ ਹੋਏ ਨਗਰ ਨਿਗਮ ਵੱਲੋਂ ਭਰਤੀ ਸਬੰਧੀ ਬਣਾਈ ਸਿਲੈੱਕਸ਼ਨ ਕਮੇਟੀ ਦੀ **Recommendation** ਮਿਤੀ 14.05.2022 ਉਪਰੰਤ ਸਿਲੈੱਕਟ ਕੀਤੇ ਗਏ ਉਮੀਦਵਾਰਾਂ (151 ਸਫਾਈ ਸੇਵਕਾਂ ਅਤੇ 40 ਸੀਵਰਮੈਨਾਂ) ਨੂੰ ਨਗਰ ਨਿਗਮ ਵੱਲੋਂ ਨਿਯੁਕਤੀ ਪੱਤਰ ਜਾਰੀ ਕੀਤੇ ਗਏ ਹਨ। ਨਗਰ ਨਿਗਮ ਵੱਲੋਂ ਜਾਰੀ ਕੀਤੇ ਗਏ ਨਿਯੁਕਤੀ ਪੱਤਰਾਂ ਵਿੱਚ ਸਰਕਾਰ ਦੀ ਹਦਾਇਤਾਂ/ਰੂਲਾਂ ਦੀ ਪਾਲਣਾ ਕਰਦੇ ਹੋਏ ਨਗਰ ਨਿਗਮ ਵੱਲੋਂ ਨਗਰ ਨਿਗਮ ਵਿਖੇ ਠੇਕੇ (ਕੰਟਰੈਕਟ) ਦੇ ਅਧਾਰ ਤੇ ਇੱਕ ਸਾਲ ਲਈ ਬਤੌਰ ਸਫਾਈ ਸੇਵਕ/ਸੀਵਰਮੈਨ ਦੀ ਅਸਾਮੀ ਤੇ ਡੀ.ਸੀ ਰੇਟ ਤੇ ਨਿਯੁਕਤੀ ਦੀ ਪੇਸ਼ਕਸ਼ ਕੀਤੀ ਗਈ ਸੀ।

ਹੁਣ ਨਿਯੁਕਤੀ ਪੱਤਰਾਂ ਦੀ ਸ਼ਰਤਾਂ ਅਨੁਸਾਰ 151 ਸਫਾਈ ਸੇਵਕਾਂ ਅਤੇ 40 ਸੀਵਰਮੈਨਾਂ ਦੀ ਨਿਯੁਕਤੀ ਨੂੰ ਲਗਭਗ ਇੱਕ ਸਾਲ ਦਾ ਸਮਾਂ ਹੋਣ ਵਾਲਾ ਹੈ। ਨਿਯੁਕਤੀ ਪੱਤਰ ਦੀ ਸ਼ਰਤ ਨੰ. 4 ਅਤੇ 5 ਨੂੰ ਮੁੱਖ ਰੱਖਦੇ ਨਗਰ ਨਿਗਮ ਹੁਸ਼ਿਆਰਪੁਰ ਵੱਲੋਂ ਠੇਕਾ ਅਧਾਰਤ ਨਿਯੁਕਤ ਕੀਤੇ ਸਫਾਈ ਸੇਵਕਾਂ ਅਤੇ ਸੀਵਰਮੈਨਾਂ ਦੇ ਕੰਮ ਅਤੇ ਆਚਰਣ ਸਬੰਧੀ ਸਬੰਧਤ ਸੈਨੇਟਰੀ ਇੰਸਪੈਕਟਰਾਂ/ਸੁਪਰਵਾਈਜਰਾਂ ਦੀ ਰਿਪੋਰਟ ਦੇ ਅਧਾਰ ਤੇ ਠੇਕਾ ਮੁਲਾਜਮਾ ਦੀਆਂ ਸੇਵਾਵਾਂ ਵਿਚ ਵਾਧਾ ਕਰਨ ਸਬੰਧੀ ਵਿਚਾਰ ਕੀਤਾ ਜਾਣਾ ਹੈ। ਉੱਚ ਅਧਿਕਾਰੀਆਂ ਵਲੋਂ ਇਹਨਾਂ ਸਫਾਈ ਸੇਵਕਾ ਅਤੇ ਸੀਵਰਮੈਨਾਂ ਦਾ ਕੰਮ ਅਤੇ ਆਚਰਣ ਤਸੱਲੀ ਬਖਸ਼ ਪਾਇਆ ਗਿਆ ਹੈ। ਇਸ ਲਈ ਯੋਗ ਹੋਵੇਗਾ ਕਿ ਨਗਰ ਨਿਗਮ ਵੱਲੋਂ ਸ਼ਹਿਰ ਦੀ ਸਫਾਈ ਆਦਿ ਕੰਮਾਂ ਨੂੰ ਸੂਚਾਰੂ ਢੰਗ ਨਾਲ ਚਲਾਉਣ ਲਈ 151 ਸਫਾਈ ਸੇਵਕ ਅਤੇ 40 ਸੀਵਰਮੈਨਾਂ ਨੂੰ 1 ਸਾਲ ਲਈ ਠੇਕਾ ਅਧਾਰਿਤ (ਕੰਟਰੈਕਟ) ਡੀ.ਸੀ ਰੇਟਾਂ ਉੱਤੇ ਰੱਖਣ ਦੀ ਤਜ਼ਵੀਜ ਹਾਊਸ ਦੀ ਮੀਟਿੰਗ ਵਿਚ ਵਿਚਾਰਨ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

10) **ਸੈਨੀਟੇਸ਼ਨ ਸ਼ਾਖਾ ਵਿੱਚ ਚੱਲ ਰਹੀ ਗੱਡੀ PB-07-Z-6112 SEWER JETTING MACHINE ਕੰਡਮ ਕਰਨ ਸਬੰਧੀ।**

ਰਿਪੋਰਟ ਸੈਨਟਰੀ ਇੰਸਪੈਕਟਰ ਸਮੇਤ ਸਿਫਾਰਸ਼ ਸਕੱਤਰ ਕਿ ਨਗਰ ਨਿਗਮ ਹੁਸ਼ਿਆਰੁਪਰ ਦੀ ਸੈਨੀਟੇਸ਼ਨ ਸ਼ਾਖਾ ਵਿੱਚ ਚੱਲ ਰਹੀ ਸੀਵਰ ਜੈਟਿੰਗ ਮਸ਼ੀਨ, ਜੋ ਕਿ 2009 ਮਾਡਲ ਹੈ। ਇਸ ਨੂੰ ਸ਼ਹਿਰ ਵਿੱਚ ਕੰਮ ਕਰਦੇ ਹੋਏ ਲਗਭਗ 14 ਸਾਲ ਹੋ ਚੁੱਕੇ ਹਨ। ਇਹ ਮਸ਼ੀਨ ਪਿਛਲੇ 6 ਮਹੀਨੇ ਤੋਂ ਖਰਾਬ ਹੈ। ਮਸ਼ੀਨ ਦੀ ਰਿਪੇਅਰ ਅਤੇ ਸਰਵਿਸ ਲਈ ਸਬੰਧਤ ਕੰਪਨੀ (KAM-AVIDA) ਤੋਂ ਇੰਜੀਨੀਅਰ ਅਤੇ ਮਕੈਨਿਕ ਨੂੰ ਬੁਲਾਇਆ ਗਿਆ ਸੀ, ਜਿਹਨਾਂ ਵੱਲੋਂ ਮਸ਼ੀਨ ਨੂੰ ਠੀਕ ਕਰਨ ਉੱਪਰ ਲਗਭਗ 15,00,000/- ਰੁਪਏ ਖਰਚ ਆਉਣ ਦਾ ਅਨੁਮਾਨ ਦੱਸਿਆ ਗਿਆ ਸੀ ਅਤੇ ਇਸ ਸਬੰਧੀ ਕੰਪਨੀ ਵੱਲੋਂ ਤਖਮੀਨਾ ਤਿਆਰ ਕਰਕੇ ਭੇਜਿਆ ਗਿਆ ਸੀ ਅਤੇ ਇਹ ਵੀ ਕਿਹਾ ਗਿਆ ਸੀ ਕਿ ਠੀਕ ਕਰਨ ਉਪਰੰਤ ਵੀ ਇਸ ਗੱਡੀ ਦੀ ਕੋਈ ਵੀ ਜਿੰਮੇਵਾਰੀ ਉਹਨਾਂ ਦੀ ਕੰਪਨੀ ਵੱਲੋਂ ਨਹੀਂ ਲਈ ਜਾਵੇਗੀ।

ਇਥੇ ਇਹ ਦੱਸਣਾ ਉਚਿਤ ਹੋਵੇਗਾ ਕਿ ਇਸ ਮਸ਼ੀਨ ਨੂੰ ਠੀਕ ਕਰਵਾਉਣ ਸਬੰਧੀ ਮਤਾ ਨਗਰ ਨਿਗਮ ਦੀ ਹਾਊਸ ਦੀ ਮੀਟਿੰਗ ਵਿੱਚ ਪਾਸ ਹੋਣ ਦੀ ਆਸ ਵਿੱਚ ਪੇਸ਼ ਕੀਤਾ ਗਿਆ ਸੀ। ਪਰੰਤੂ ਉਕਤ ਮਸ਼ੀਨ ਦਾ ਪੰਪ ਇਟਲੀ ਤੋਂ ਮੰਗਵਾਉਣ ਕਾਰਨ ਅਤੇ ਸਬੰਧਤ ਕੰਪਨੀ ਪਾਸੋਂ ਉਕਤ ਮਸ਼ੀਨ ਦੀ ਕੋਈ ਵੀ ਜਿੰਮੇਵਾਰੀ ਨਾ ਲੈਣ ਕਾਰਨ ਹਾਊਸ ਵੱਲੋਂ ਇਹ ਮਤਾ ਮੀਟਿੰਗ ਵਿੱਚ ਪਾਸ ਨਹੀਂ ਕੀਤਾ ਗਿਆ।

ਇਥੇ ਇਹ ਵੀ ਦੱਸਿਆ ਜਾਂਦਾ ਹੈ ਕਿ ਉਕਤ ਨਵੀਂ ਮਸ਼ੀਨ ਦੀ ਖਰੀਦ ਕਰਨ ਸਬੰਧੀ ਮਤਾ ਨਗਰ ਨਿਗਮ ਦੀ ਪਿਛਲੀ ਮੀਟਿੰਗ ਵਿੱਚ ਪਾਸ ਕਰਵਾ ਲਿਆ ਗਿਆ ਸੀ, ਜਿਸ ਸਬੰਧੀ ਅਗਲੇਰੀ ਕਾਰਵਾਈ ਅਮਲ ਵਿੱਚ ਲਿਆਈ ਜਾ ਰਹੀ ਹੈ ਅਤੇ ਜਲਦ ਤੋਂ ਜਲਦ ਇਸ ਨਵੀਂ ਮਸ਼ੀਨ ਦੀ ਖਰੀਦ ਨਗਰ ਨਿਗਮ ਵੱਲੋਂ ਕਰ ਲਈ ਜਾਵੇਗੀ। ਇਸ ਲਈ ਉਕਤ ਸੀਵਰ ਜੈਟਿੰਗ ਮਸ਼ੀਨ ਪੁਰਾਣੀ ਹੋਣ ਕਾਰਨ ਅਤੇ ਇਸਦੀ ਰਿਪੇਅਰ ਸਬੰਧੀ ਪ੍ਰਵਾਨਗੀ ਨਾ ਮਿਲਣ ਕਾਰਨ ਇਸ ਮਸ਼ੀਨ ਨੂੰ ਕੰਡਮ ਕੀਤਾ ਜਾਣਾ ਉੱਚਿਤ ਹੈ ਪ੍ਰਵਾਨਗੀ ਪ੍ਰਾਪਤ ਹੋਣ ਉਪਰੰਤ ਨਿਯਮਾਂ ਅਨੁਸਾਰ ਖੁੱਲੀ ਬੋਲੀ ਰਾਹੀਂ ਇਸ ਦੀ ਨਿਲਾਮੀ ਕੀਤੀ ਜਾਵੇਗੀ। ਸਮੁੱਚਾ ਮਾਮਲਾ ਹਾਊਸ ਦੀ ਮੀਟਿੰਗ ਵਿਚ ਵਿਚਾਰਨ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

11) **ਨਗਰ ਨਿਗਮ ਦੀ ਸ਼੍ਰੀ ਗਊ ਸੇਵਾ ਸਮਿਤੀ ਰਜਿ, ਹੁਸ਼ਿਆਰਪੁਰ ਨੂੰ ਦਿੱਤੀ ਗਈ ਗਊਸ਼ਾਲਾ ਦੇ ਰੱਖ-ਰਖਾਵ ਦੀ ਮਿਆਦ ਵਧਾਉਣ ਲਈ ਹਾਊਸ ਦੀ ਮੀਟਿੰਗ ਵਿੱਚ ਵਿਚਾਰਨ ਸਬੰਧੀ।**

ਰਿਪੋਰਟ ਸੈਨਟਰੀ ਇੰਸਪੈਕਟਰ ਸਮੇਤ ਸਿਫਾਰਸ਼ ਸਕੱਤਰ ਕਿ ਸ਼੍ਰੀ ਗਊ ਸੇਵਾ ਸਮਿਤੀ ਨੂੰ ਗਊਸ਼ਾਲਾ ਦੀ ਰੱਖ ਰਖਾਵ ਦਾ ਕੰਮ ਮਿਤੀ 04.02.2023 ਨੂੰ ਖਤਮ ਹੋਣ ਵਾਲਾ ਹੈ। ਇਥੇ ਦੱਸਿਆ ਜਾਂਦਾ ਹੈ ਕਿ ਗਊ ਸੇਵਾ ਸਮਿਤੀ ਰਜਿ, ਹੁਸ਼ਿਆਰਪੁਰ ਨੂੰ 06.09.2019 ਨੂੰ ਪਹਿਲੀ ਵਾਰ ਗਊਸ਼ਾਲਾ ਦੇ ਰੱਖ ਰਖਾਵ ਦਾ ਕੰਮ ਅਲਾਟ ਕੀਤਾ ਗਿਆ ਸੀ। ਜਿਸ ਵਿੱਚ 40/- ਰੁਪਏ ਪ੍ਰਤੀ ਪਸ਼ੂ ਪ੍ਰਤੀ ਦਿਨ ਦਾ ਖਰਚਾ ਪ੍ਰਵਾਨ ਕੀਤਾ ਹੋਇਆ ਹੈ। ਇਸ ਸਮੇਂ ਗਊਸ਼ਾਲਾ ਵਿੱਚ 347 ਪਸ਼ੂਧਨ ਹਨ, ਗਊਸ਼ਾਲਾ ਨਾਲ ਹੋਏ ਇਕਰਾਰਨਾਮੇ ਅਨੁਸਾਰ ਗਊਸ਼ਾਲਾ ਦੇ ਰੱਖ-ਰਖਾਵ ਵਿੱਚ 02 ਸਾਲ ਦਾ ਹੋਰ ਵਾਧਾ ਕੀਤਾ ਜਾ ਸਕਦਾ ਸੀ, ਜੋ ਕਿ ਮਿਤੀ 04.02.2023 ਨੂੰ ਪੂਰਾ ਹੋ ਚੁੱਕਾ ਗਿਆ ਸੀ। ਜਿਸ ਦੇ ਤਹਿਤ ਮਿਤੀ 04.02.2023 ਨੂੰ ਗਊਸ਼ਾਲਾ ਦੇ ਰੱਖ ਰਖਾਵ ਦੇ ਗਊਸ਼ਾਲਾ ਨਾਲ ਹੋਏ ਇਕਰਾਰਨਾਮੇ ਦੀ

ਮਿਆਦ ਖਤਮ ਹੋਣ ਵਾਲੀ ਹੈ। ਇਸ ਸਬੰਧੀ ਉਕਤ ਗਊਸ਼ਾਲਾ ਸਮਿਤੀ ਵੱਲੋਂ ਦਫਤਰ ਦੇ ਪੱਤਰ ਨੰ 170 ਮਿਤੀ 18.01.2023 ਰਾਹੀਂ ਗਊਸ਼ਾਲਾ ਦੇ ਦੇਖਰੇਖ ਦੇ ਕੰਮ ਵਿੱਚ ਹੋਰ ਵਾਧਾ ਕਰਨ ਦੀ ਮੰਗ ਕੀਤੀ ਗਈ ਹੈ। ਇੱਥੇ ਦੱਸਿਆ ਜਾਂਦਾ ਹੈ ਕਿ ਗੋਬਿੰਦ ਗਊਧਾਮ ਗਊਸ਼ਾਲਾ ਦਾ ਕੰਮ ਤਸੱਲੀ ਬਖਸ਼ ਹੈ। ਗਊਧੰਨ ਦਾ ਰੱਖ ਰਖਾਵ ਬਹੁਤ ਵਧੀਆ ਢੰਗ ਨਾਲ ਕੀਤਾ ਜਾ ਰਿਹਾ ਹੈ। ਇਸ ਲਈ ਕੰਮ ਦੀ ਮਹੱਤਤਾ ਨੂੰ ਦੇਖਦੇ ਹੋਏ ਗਊਸ਼ਾਲਾ ਦੇ ਰੱਖ-ਰਖਾਵ ਦੇ ਸਮਾਂ ਕਾਲ ਵਿੱਚ ਮਿਤੀ 04.02.2023 ਤੋਂ 03.08.2023 ਤੱਕ 06 ਮਹੀਨੇ ਲਈ ਪੁਰਾਣੀਆਂ ਸ਼ਰਤਾਂ ਦੇ ਅਧਾਰ ਤੇ ਵਾਧਾ ਕੀਤਾ ਜਾਣਾ ਯੋਗ ਹੈ ਜੀ। ਉਪਰੋਕਤ ਅਨੁਸਾਰ ਰੱਖ ਰਖਾਵ ਦੇ ਕੰਮ ਦੀ ਮਿਆਦ ਵਿੱਚ ਪੁਰਾਣੀਆਂ ਸ਼ਰਤਾਂ ਅਨੁਸਾਰ ਵਾਧਾ ਕਰਨ ਲਈ ਕੇਸ ਨਗਰ ਨਿਗਮ ਦੀ ਆਉਣ ਵਾਲੀ ਹਾਊਸ ਦੀ ਮੀਟਿੰਗ ਅਤੇ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਵਿਚਾਰ ਅਤੇ ਫੈਸਲੇ ਅਤੇ 06 ਮਹੀਨੇ ਲਈ ਮਿਆਦ ਵਿੱਚ ਵਾਧਾ ਕਰਨ ਦਾ ਮਾਮਲਾ ਹਾਊਸ ਦੀ ਮੀਟਿੰਗ ਵਿਚ ਵਿਚਾਰਨ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

12) **ਸੈਨੀਟੇਸ਼ਨ ਸ਼ਾਖਾ ਵਲੋਂ ਨਵੇਂ** Sewer Suction Tanker 3000L **ਦੀ ਖਰੀਦ ਕਰਨ ਸਬੰਧੀ।**

ਰਿਪੋਰਟ ਸੈਨਟਰੀ ਇੰਸਪੈਕਟਰ ਸਮੇਤ ਸਿਫਾਰਸ਼ ਸਕੱਤਰ ਕਿ ਨਗਰ ਨਿਗਮ ਦੀ ਸੈਨੀਟੇਸ਼ਨ ਸ਼ਾਖਾ ਵਲੋਂ ਇੱਕ ਨਵੀਂ ਸੀਵਰ ਸੱਕਸ਼ਨ ਟੈਂਕਰ ਦੀ ਖਰੀਦ ਕੀਤੀ ਜਾਣੀ ਹੈ, ਜੋ ਕਿ ਸ਼ਹਿਰ ਦੀਆਂ ਬੰਦ ਸੀਵਰ ਲਾਈਨਾਂ ਦੀ ਸਾਫ ਸਫਾਈ ਦਾ ਕੰਮ ਕਰਵਾਉਣ ਲਈ ਅਤਿ ਜਰੂਰੀ ਹੈ। ਜਿਸ ਦੀ ਖਰੀਦ ਨਗਰ ਨਿਗਮ ਦੇ ਫੰਡਾਂ ਵਿੱਚੋ ਕੀਤੀ ਜਾਣੀ ਹੈ। ਉਕਤ ਦੀ ਖਰੀਦ ਕਰਨ ਸਬੰਧੀ ਕੁਟੇਸ਼ਨ **M/S Chauhan Engg. & Welding Works, Plot No. 5623, Back Side opp. Peer Baba, Parvatiya Colony, Faridabad haryana** ਪਾਸੋਂ ਪ੍ਰਾਪਤ ਕੀਤੀ ਗਈ ਹੈ। ਜਿਸ ਅਨੁਸਾਰ ਉਕਤ ਟੈਂਕਰ ਦੀ ਖਰੀਦ ਉੱਪਰ ਲਗਭਗ 5,75,000/- ਰੁਪਏ + ਜੀ.ਐਸ.ਟੀ 18% ਖਰਚਾ ਆਉਣ ਦਾ ਅਨੁਮਾਨ ਹੈ। ਕੁਟੇਸ਼ਨ ਦੀ ਕਾਪੀ ਨਾਲ ਨੱਥੀ ਹੈ। ਉਕਤ ਟੈਂਕਰ ਦੀ ਖਰੀਦ ਸਬੰਧੀ ਮਾਮਲਾ ਨਗਰ ਨਿਗਮ ਦੀ ਹਾਊਸ ਮੀਟਿੰਗ ਵਿੱਚ ਵਿਚਾਰਨ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

13) **ਐਨੀਮਲ ਬਰਥ ਕੰਟਰੋਲ ਅਧੀਨ ਅਵਾਰਾ ਕੁੱਤਿਆ ਦੀ ਨਸਬੰਦੀ ਅਤੇ ਹੋਰ ਰੱਖ ਰੱਖਾਵ ਲਈ ਪਸ਼ੂ ਪਾਲਣ ਵਿਭਾਗ ਨਾਲ ਸਾਂਝੇ ਤੌਰ ਤੇ ਕਾਰਵਾਈ ਕਰਨ ਸਬੰਧੀ।**

**ਰਿਪੋਰਟ ਸੈਨਟਰੀ ਇੰਸਪੈਕਟਰ ਸਮੇਤ ਸਿਫਾਰਸ਼ ਸਕੱਤਰ** ਕਿ ਅਵਾਰਾ ਕੁੱਤਿਆ ਦੀ ਰੋਕਥਾਮ ਲਈ ਸਰਕਾਰ ਵਲੋਂ ਐਨੀਮਲ ਬਰਥ ਕੰਟਰੋਲ ਮੁਹਿੰਮ ਚਲਾਈ ਗਈ ਹੈ ਜਿਸ ਤਹਿਤ ਪਬਲਿਕ ਹਿੱਤਾਂ ਨੂੰ ਮੁੱਖ ਰੱਖਦੇ ਹੋਏ ਹਰੇਕ ਅਵਾਰਾ ਕੁੱਤੇ/ਕੁੱਤੀ ਦੀ ਨਸਬੰਦੀ/ਨਲਬੰਦੀ ਕੀਤੀ ਜਾਣੀ ਹੈ। ਇਸ ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਮਿਤੀ 11.04.2023 ਨੂੰ ਸਮਾਂ ਬਾਅਦ ਦੁਪਹਿਰ 12:45 ਵਜੇ ਨਗਰ ਨਿਗਮ ਹੁਸ਼ਿਆਰਪੁਰ ਵਿਖੇ ਏ.ਬੀ.ਸੀ ਪ੍ਰੋਗਰਾਮ ਤੇ ਅਗਲੇਰੀ ਕਾਰਵਾਈ ਕਰਨ ਲਈ ਮੀਟਿੰਗ ਦੌਰਾਨ ਵਿਸਤ੍ਰਿਤ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਮੀਟਿੰਗ ਵਿਚ ਸਹਾਇਕ ਕਮਿਸ਼ਨਰ ਸ੍ਰੀ ਸੰਦੀਪ ਤਿਵਾੜੀ, ਡਾ: ਰਤਨ, ਡਿਪਟੀ ਡਾਇਰੈਕਟਰ ਪਸ਼ੂ ਪਾਲਣ, ਡਾ: ਮਨਮੋਹਨ ਦਰਦੀ ਵੈਟਨਰੀ ਅਫਸਰ, ਸ੍ਰੀ ਜਸਵਿੰਦਰ ਸਿੰਘ, ਸਕੱਤਰ, ਨਗਰ ਨਿਗਮ ਅਤੇ ਸ੍ਰੀ ਸਰਬਜੀਤ ਸਿੰਘ ਚੀਫ ਸੈਨਟਰੀ ਇੰਸਪੈਕਟਰ ਸ਼ਾਮਿਲ ਹੋਏ। ਸਮੁੱਚੇ ਤੌਰ ਤੇ ਏ.ਬੀ.ਸੀ ਪ੍ਰੋਗਰਾਮ ਦਾ ਕੰਮ ਕਿਸੇ ਠੇਕੇਦਾਰ ਨੂੰ ਟੈਂਡਰ ਰਾਹੀਂ ਅਲਾਟ ਕਰਨ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ ਪਾਇਆ ਗਿਆ ਕਿ ਕਈ ਵਾਰ ਟੈਂਡਰ ਲਗਾਉਣ ਤੇ ਵੀ ਕਿਸੇ ਵਿਅਕਤੀ ਵਲੋਂ ਇਹ ਟੈਂਡਰ ਨਹੀਂ ਭਰਿਆ ਗਿਆ ਜਿਸ ਨਾਲ ਏ.ਬੀ.ਸੀ ਪ੍ਰੋਗਰਾਮ ਨੂੰ ਅਰੰਭਣ ਵਿਚ ਬੇਲੋੜੀ ਦੇਰੀ ਹੋ ਰਹੀ ਹੈ।

ਇੱਥੇ ਦੱਸਣਯੋਗ ਹੈ ਕਿ ਡਾ: ਮਨਮੋਹਨ ਦਰਦੀ ਵੈਟਨਰੀ ਅਫਸਰ ਵਲੋਂ ਤਜਵੀਜ ਪੇਸ਼ ਕੀਤੀ ਗਈ ਕਿ ਉਹਨਾਂ ਦੇ ਹਸਪਤਾਲ ਵਿਚ ਹਫਤੇ ਦੇ ਇੱਕ ਦਿੱਨ ਡਾਗ ਸਟਰਲਾਈਜੇਸ਼ਨ ਕੀਤੀ ਜਾ ਸਕਦੀ ਹੈ। ਜਿਸ ਸਬੰਧੀ ਫੀਲਡ ਵਿਚੋਂ ਅਵਾਰਾ ਕੁੱਤੇ ਫੜ ਕੇ ਹਸਪਤਾਲ ਵਿਖੇ ਲਿਆਉਣ ਦੀ ਜਿੰਮੇਵਾਰੀ ਨਗਰ ਨਿਗਮ ਹੁਸ਼ਿਆਰਪੁਰ ਦੀ ਹੋਵੇਗੀ ਅਤੇ ਇਹਨਾਂ ਦਾ ਅਪਰੇਸ਼ਨ ਪਸ਼ੂ ਹਸਪਤਾਲ ਵਿਖੇ ਪਸ਼ੂ ਪਾਲਣ ਵਿਭਾਗ ਦੇ ਡਾਕਟਰਾਂ ਵਲੋ ਕੀਤਾ ਜਾਵੇਗਾ ਅਤੇ ਅਪਰੇਸ਼ਨ ਤੇ ਆਉਣ ਵਾਲਾ ਖਰਚਾ ਨਹੀਂ ਲਿਆ ਜਾਵੇਗਾ। ਇਸ ਤੋਂ ਇਲਾਵਾ ਅਪਰੇਟ ਕੀਤੇ ਹੋਏ ਕੁੱਤਿਆ ਦੀ ਦੇਖਭਾਲ ਅਤੇ ਰੱਖ ਰੱਖਾਵ ਸਬੰਧੀ ਉਕਤ ਅਧਿਕਾਰੀਆਂ ਵਲੋਂ ਵਿਚਾਰ ਵਟਾਂਦਰਾ ਕੀਤਾ ਗਿਆ, ਸਰਵਸੰਮਤੀ ਨਾਲ ਇਹ ਸਹਿਮਤੀ ਪ੍ਰਗਟ ਕੀਤੀ ਗਈ ਕਿ ਹਸਪਤਾਲ ਦੀ ਪੁਰਾਣੀ ਬਿਲਡਿੰਗ ਦੀ ਮੁਰੰਮਤ ਅਤੇ ਰੈਨੋਵੇਸ਼ਨ ਨਗਰ ਨਿਗਮ ਆਪਣੇ ਖਰਚੇ ਤੇ ਕਰਾਵੇਗੀ, ਨਗਰ ਨਿਗਮ ਦੀ ਇੰਜੀਨੀਅਰਿੰਗ ਸ਼ਾਖਾ ਵਲੋਂ ਇਸ ਦਾ ਤਖਮੀਨਾ ਤਿਆਰ ਕੀਤਾ ਗਿਆ ਹੈ ਜਿਸ ਦੀ ਲੱਗਭਗ ਕੀਮਤ 25.87 ਲੱਖ ਹੈ ਅਤੇ ਅਪਰੇਟ ਕੀਤੇ ਗਏ ਕੁੱਤਿਆ ਦੀ ਦੇਖਭਾਲ ਲਈ ਘੱਟੋ ਘੱਟ 2 ਮੁਲਾਜਮ ਨਗਰ ਨਿਗਮ ਵਲੋਂ ਸਪਲਾਈ ਕੀਤੇ ਜਾਣਗੇ, ਜਿਸ ਦਾ ਤਖਮੀਨਾ ਇੰਜੀਨੀਅਰਿੰਗ ਸ਼ਾਖਾ ਵਲੋਂ ਤਿਆਰ ਕੀਤਾ ਗਿਆ ਹੈ ਜਿਸ ਦੀ ਅਨੁਮਾਨਤ ਲਾਗਤ ਇੱਕ ਸਾਲ ਲਈ 8.19 ਲੱਖ ਹੈ ਅਤੇ ਖਰਚਾ ਨਗਰ ਨਿਗਮ ਦੇ ਫੰਡਾਂ ਵਿਚੋਂ ਕੀਤਾ ਜਾਵੇਗਾ। ਕੁੱਤਿਆ ਦੇ ਅਪਰੇਸ਼ਨ ਅਤੇ ਦਵਾਈਆ ਤੇ ਆਉਣ ਵਾਲਾ ਖਰਚਾ ਨਗਰ ਨਿਗਮ ਵਲੋਂ ਕੀਤਾ ਜਾਵੇਗਾ। ਇਸ ਤੋਂ ਇਲਾਵਾ ਇਸ ਮਹੱਤਵਪੂਰਨ ਕੰਮ ਲਈ ਡਬਲ ਐਕਟਿੰਗ ਸ਼ਾਕ ਐਬਜੋਰਬਰਜ ਡੌਗ ਸਕਵੈਡ ਵੈਨ ਲਾਈਟ ਵਹੀਕਲ ਮੋਟਰ ਦੀ ਖਰੀਦ ਕੀਤੀ ਜਾਣੀ ਹੈ ਜਿਸ ਦੀ ਅਨੁਮਾਨਤ ਲਾਗਤ 11 ਲੱਖ ਰੁਪਏ ਹੈ।

ਜੇਕਰ ਉਕਤ ਤਜਵੀਜ ਨੂੰ ਪ੍ਰਵਾਨ ਕਰ ਲਿਆ ਜਾਂਦਾ ਹੈ ਤਾਂ ਬਕਾਇਦਾ ਏ.ਬੀ.ਸੀ ਪ੍ਰੋਗਰਾਮ ਤਹਿਤ ਹਰੇਕ ਕਿਸਮ ਦੀ ਕਾਰਵਾਈ ਕਰਨ ਲਈ ਨਗਰ ਨਿਗਮ ਅਤੇ ਪਸ਼ੂ ਪਾਲਣ ਵਿਭਾਗ ਵਿਚ Memorendum of Understanding (MOU)

execute ਕਰਨਾ ਪਵੇਗਾ ਅਤੇ ਹਸਪਤਾਲ ਦੀ ਬਿਲਡਿੰਗ ਦੀ ਮੁਰੰਮਤ ਉਸ ਤੇ ਆਉਣ ਵਾਲੇ ਖਰਚੇ ਅਤੇ ਹੋਰ ਮੱਦਾਂ ਸਬੰਧੀ ਦਾ ਮਾਮਲਾ ਹਾਊਸ ਦੀ ਮੀਟਿੰਗ ਵਿਚ ਵਿਚਾਰਨ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

14) **ਏਕਤਾ ਨਗਰ, ਖਾਨਪੁਰੀ ਗੇਟ, ਹੁਸ਼ਿਆਰਪੁਰ ਵਿਖੇ ਬਣੇ ਨਵੇਂ ਟੂਆਇਲੈਟ ਦੇਖਭਾਲ ਕਰਨ ਸਬੰਧੀ।**

**ਰਿਪੋਰਟ ਸੈਨਟਰੀ ਇੰਸਪੈਕਟਰ ਸਮੇਤ ਸਿਫਾਰਸ਼ ਸਕੱਤਰ** ਕਿ ਨਗਰ ਨਿਗਮ ਵਲੋਂ ਏਕਤਾ ਨਗਰ, ਖਾਨਪੁਰੀ ਗੇਟ ਹੁਸ਼ਿਆਰਪੁਰ ਦੇ ਨਜਦੀਕ ਟੂਆਇਲੈਟਸ ਦੀ ਉਸਾਰੀ ਕੀਤੀ ਗਈ ਸੀ। ਇਨ੍ਹਾਂ ਟੂਆਇਲੈਟਸ ਵਿੱਚ ਮਰਦਾਂ ਅਤੇ ਇਸਤਰੀਆਂ ਲਈ ਦੋ-ਦੋ ਟੂਆਇਲੈਟਸ ਆਦਿ ਦਾ ਉਪਬੰਧ ਕੀਤਾ ਗਿਆ ਹੈ। ਇੱਥੇ ਇਹ ਦੱਸਿਆ ਜਾਣਾ ਯੋਗ ਹੋਵੇਗਾ ਕਿ ਸੈਨੇਟਰੀ ਸ਼ਾਖਾ ਵਿਖੇ ਵਿਸ਼ੇ ਅਧੀਨ ਟੂਆਇਲੈਟਸ ਦੀ ਸਾਂਭ ਸੰਭਾਲ ਕਰਨ ਲਈ ਲੋੜੀਂਦਾ ਸਟਾਫ ਮੋਜੂਦ ਨਹੀ ਹੈ। ਇਸ ਸਮੇਂ ਨਗਰ ਨਿਗਮ ਹੁਸ਼ਿਆਰਪੁਰ ਵਿਖੇ ਸਟਾਫ ਦੀ ਬਹੁਤ ਹੀ ਘਾਟ ਹੈ। ਇਸ ਲਈ ਯੋਗ ਹੋਵੇਗਾ ਕਿ ਵਿਸ਼ੇ ਅਧੀਨ ਟੂਆਇਲੈਟਸ ਦੀ ਸਾਂਭ ਸੰਭਾਲ ਦਾ ਕੰਮ ਕਿਸੇ ਪ੍ਰਾਇਵੇਟ ਏਜੰਸੀ ਨੂੰ ਦਿੱਤਾ ਜਾਵੇ। ਇੱਥੇ ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਇਸ ਸਮੇਂ ਨਗਰ ਨਿਗਮ ਹੁਸ਼ਿਆਰਪੁਰ ਵਿਖੇ 7 ਵੱਖ-ਵੱਖ ਟੂਆਇਲੈਟਸ ਦੀ ਸਾਂਭ ਸੰਭਾਲ ਦਾ ਕੰਮ ਮੈ: ਸੁਲਭ ਇੰਟਰਨੈਸ਼ਨਲ ਸ਼ੋਸ਼ਲ ਸਰਵਿਸ ਓਰਗੋਨਾਇਜੇਸ਼ਨ ਨੂੰ ਦਿੱਤਾ ਹੋਇਆ ਹੈ ਅਤੇ ਇਹਨਾਂ ਦਾ ਕੰਮ ਤੱਸਲੀਬਖਸ਼ ਹੈ। ਇਸ ਲਈ ਯੋਗ ਹੋਵੇਗਾ ਕਿ ਵਿਸ਼ੇ ਅਧੀਨ ਟੂਆਇਲੈਟਸ ਦੀ ਉਪਰੇਸ਼ਨ ਅਤੇ ਮੈਨਟੀਨੈਂਸ ਦਾ ਕੰਮ ਮੈ: ਸੁਲਭ ਇੰਟਰਨੈਸ਼ਨਲ ਸ਼ੋਸ਼ਲ ਸਰਵਿਸ ਓਰਗੋਨਾਇਜੇਸ਼ਨ **ਨੂੰ ਦੇ ਦਿੱਤਾ ਜਾਵੇ। ਇੱਥੇ ਦੱਸਣਯੋਗ ਹੈ ਕਿ** ਮੈ: ਸੁਲਭ ਇੰਟਰਨੈਸ਼ਨਲ ਸ਼ੋਸ਼ਲ ਸਰਵਿਸ ਓਰਗੋਨਾਇਜੇਸ਼ਨ ਪਾਸੋ ਰੇਟ ਪ੍ਰਾਪਤ ਕੀਤੇ **ਗਏ ਹਨ ਜੋ ਕਿ** 18,520/- **ਪ੍ਰਤੀ ਮਹੀਨਾ ਬਣਦੇ ਹਨ ਉਕਤ ਮਾਮਲਾ ਹਾਊਸ ਦੀ ਮੀਟਿੰਗ ਵਿਚ ਵਿਚਾਰਨ ਅਤੇ** ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

15) **Demand of Funds for Solid Waste Management under SBMU.**

**ਰਿਪੋਰਟ ਸੈਨਟਰੀ ਇੰਸਪੈਕਟਰ ਸਮੇਤ ਸਿਫਾਰਸ਼ ਸਕੱਤਰ** ਕਿ Assistant Director, SWM PMIDC ਦੇ ਮੀਮੋ ਨੰ: PMIDC/SWM/2022/603 ਮਿਤੀ 25.01.2023 ਨੂੰ ਇਕ ਪੱਤਰ ਪ੍ਰਾਪਤ ਹੋਇਆ ਜਿਸ ਵਿੱਚ ਸੋਲਿਡ ਮੇਸਟ ਮੈਨੇਜਮੈਂਟ ਦੇ ਵੱਖ-ਵੱਖ Components ਲਈ ਪੈਸਿਆ ਦੀ ਡਿਮਾਂਡ ਇਕ ਨਿਸ਼ਚਿਤ ਪ੍ਰੋਫਾਰਮੇ ਵਿੱਚ ਮੰਗੀ ਗਈ ਸੀ। ਨਗਰ ਨਿਗਮ ਹੁਸ਼ਿਆਰਪੁਰ ਵਲੋ ਪੱਤਰ ਨੰ: 467 ਮਿਤੀ 10.02.2023 ਰਾਹੀਂ ਸੋਲਿਡ ਵੇਸਟ ਮੈਨਜਮੈਂਟ ਲਈ ਵੱਖ-ਵੱਖ Components ਲਈ ਪੈਸਿਆਂ ਦੀ ਡਿਮਾਂਡ ਕਮਿਸ਼ਨਰ ਨਗਰ ਨਿਗਮ ਹੁਸ਼ਿਆਰਪੁਰ ਜੀ ਦੀ ਆਗਿਆ ਨਾਲ ਭੇਜੀ ਗਈ। ਦਫਤਰ PMIDC ਵਲੋਂ ਪੱਤਰ ਨੰ: 1780 ਮਿਤੀ 09.03.2023 ਰਾਹੀਂ ਵੱਖ-ਵੱਖ ਕੰਮਾਂ ਲਈ 4,27,17,000/-ਰੁਪਏ ਦੀ ਰਾਸ਼ੀ ਹੇਠ ਲਿਖੇ ਕੰਮਾਂ ਲਈ ਜਾਰੀ ਕੀਤੀ ਗਈ ਹੈ:-

| Sr No | Component/Work | Nos | Funds Demanded ( In Rs) |
|---|---|---|---|
| 1 | Tricycles | 200 | 6000000 |
| 2 | Mechanized Vehicles | 25 | 18750000 |
| 3 | Back-hoe loader | 1 | 1850000 |
| 4 | Tractor Trolley | 2 | 1800000 |
| 5 | GPS | 20 | 100000 |
| 6 | Compost Sieving Machine | 1 | 10000 |
| 7 | MRF Shed | 2 | 8172000 |
| 8 | Fatka Machine | 1 | 500000 |
| 9 | Sanitary Waste Incinerator | 2 | 276000 |
| 10 | Fire Extinguisher | 6 | 9000 |
| 11 | Electrical Jhara | 2 | 250000 |
| 12 | Cocunut Waste Shreadder | 1 | 700000 |
| 13 | Waste to Wonder Park | 1 | 500000 |
| 14 | SLF | 1 | 800000 |
| 15 | Tipper Truck | 2 | 3000000 |
| | **TOTAL** | | **4,27,17,000** |

ਉਪਰੋਕਤ ਕੰਮਾਂ ਵਿੱਚੋ ਲੜੀ ਨੰ: 1,2,3,4,7,9,14,15 **ਦੀ** ਬਿਡ ਲਗਾ ਕੇ ਖਰੀਦੇ ਜਾਣੇ ਹਨ ਅਤੇ ਬਾਕੀ ਕੰਮ ਟੈਂਡਰ ਲਗਾ ਕੇ ਕਰਵਾਏ ਜਾਣੇ ਹਨ। ਇਥੇ ਇਹ ਦੱਸਣਯੋਗ ਹੈ ਕਿ ਇਸ ਰਾਸ਼ੀ ਦੇ ਵਰਕ ਆਰਡਰ 31.03.2023 ਤੱਕ ਜਾਰੀ ਕੀਤੇ ਜਾਣੇ ਹਨ ਅਤੇ ਰਾਸ਼ੀ ਦਾ ਭੁਗਤਾਨ 15.04.2023 ਤੱਕ ਹਰ ਹਾਲਤ ਵਿੱਚ ਕੀਤਾ ਜਾਣਾ ਹੈ ਨਹੀਂ ਤਾਂ ਇਹ ਰਕਮ ਲੈਪਸ ਹੋ ਸਕਦੀ ਹੈ। ਇਹ ਕੰਮ 100% ਡੋਰ ਟੂ ਡੋਰ ਕੁਲੈਕਸ਼ਨ ਸੈਗਰੀਗੇਸ਼ਨ ਅਤੇ MRFs ਨੂੰ ਚਲਾਉਣ ਲਈ ਅਤਿ ਜਰੂਰੀ ਹਨ। **ਕੰਮ ਦੀ ਤੱਤਪਰਤਾ ਨੂੰ ਦੇਖਦੇ ਹੋਏ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਲੋੜੀਦੀ ਕਾਰਵਾਈ ਅਮਲ ਵਿਚ ਲਿਆਂਦੀ ਗਈ ਹੈ ਸਮੁੱਚਾ ਮਾਮਲਾ ਹਾਊਸ ਦੀ ਮੀਟਿੰਗ ਵਿਚ ਵਿਚਾਰਨ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।**

16) **<u>ਸੈਲਫ ਸਰਟੀਫਿਕੇਸ਼ਨ ਰਾਹੀ ਰਿਹਾਇਸ਼ੀ ਨਕਸ਼ਿਆਂ ਦੀ ਪ੍ਰਵਾਨਗੀ ਸਬੰਧੀ</u>**

**ਰਿਪੋਰਟ ਸਹਾਇਕ ਨਗਰ ਯੋਜਨਾਕਾਰ ਸਮੇਤ ਸਿਫਾਰਸ਼ ਮਿਊਂਸਪਲ ਟਾਊਨ ਪਲੈਨਰ** ਕਿ ਸਥਾਨਕ ਸਰਕਾਰ ਵਿਭਾਗ ਪੰਜਾਬ ਵਲੋ 500 ਵ:ਗਜ ਤੱਕ ਪਲਾਟ ਦੇ ਰਕਬੇ ਦੇ ਰਿਹਇਸ਼ੀ ਨਕਸ਼ਿਆਂ ਦੀ ਪ੍ਰਵਾਨਗੀ ਆਰਕੀਟੇਕਟ ਪੱਧਰ ਤੇ ਦੇਣ ਸਬੰਧੀ ਬਿਲਡਿੰਗ ਬਾਈਲਾਜ਼ ਵਿਚ ਪ੍ਰਾਵਧਾਨ ਕਰਨ ਲਈ ਪੱਤਰ ਨੰਬਰ ਸੀ.ਟੀ.ਪੀ.(ਸਸ) 2023/ 760 ਮਿਤੀ 17.03.2023 ਰਾਹੀ ਖਰੜਾ ਭੇਜਿਆ ਗਿਆ ਸੀ ਅਤੇ ਇਸ ਸਬੰਧੀ ਮਿਤੀ 28.03.2023 ਨੂੰ ਮਾਨਯੋਗ ਪ੍ਰਮੁੱਖ ਸਕੱਤਰ ਸਥਾਨਕ ਸਰਕਾਰ ਜੀ ਵਲੋ ਵੀਡੀਓ ਕਾਨਫਰੰਸਿਗ ਰਾਹੀ ਮੀਟਿੰਗ ਕੀਤੀ ਗਈ ਸੀ। ਇਸ ਮੀਟਿੰਗ ਵਿਚ ਮਾਨਯੋਗ ਪ੍ਰਮੁੱਖ ਸਕੱਤਰ ਸਥਾਨਕ ਸਰਕਾਰ ਜੀ ਵਲੋ ਸੈਲਫ ਸਰਟੀਫਿਕੇਸ਼ਨ ਦੇ ਖਰੜੇ ਨੂੰ ਨਗਰ ਨਿਗਮ ਦੇ ਹਾਊਸ ਦੀ ਮੀਟਿੰਗ ਵਿਚ ਵਿਚਾਰਨ ਉਪਰੰਤ ਸਰਕਾਰ ਨੂੰ ਭੇਜਣ ਲਈ ਆਦੇਸ਼ ਦਿੱਤੇ ਗਏ ਸਨ। ਸੈਲਫ ਸਰਟੀਫਿਕੇਸ਼ਨ ਸਕੀਮ ਦਾ ਖਰੜਾ ਨਾਲ ਨੱਥੀ ਹੈ ਜੀ **ਸਮੁੱਚਾ ਮਾਮਲਾ** ਮਾਨਯੋਗ ਹਾਊਸ ਵਿਚ ਵਿਚਾਰਨ **ਅਤੇ ਪ੍ਰਵਾਨਗੀ ਹਿੱਤ** ਪੇਸ਼ ਹੈ ਜੀ ।

17) **<u>Parity in scheme areas and non-scheme areas-conversion of land use of sites falling in Town Planning scheme/Building Schemes from adjusted/ exempted/area reserved for special purpose to other confirming uses.</u>**

**ਰਿਪੋਰਟ ਸਹਾਇਕ ਨਗਰ ਯੋਜਨਾਕਾਰ ਸਮੇਤ ਸਿਫਾਰਸ਼ ਮਿਊਂਸਪਲ ਟਾਊਨ ਪਲੈਨਰ** ਕਿ ਮਾਨਯੋਗ ਪ੍ਰਮੁੱਖ ਸਕੱਤਰ ਸਥਾਨਕ ਸਰਕਾਰ ਜੀ ਦੀ ਪ੍ਰਧਾਨਗੀ ਹੇਠ 28.03.2023 ਨੂੰ ਹੋਈ ਮੀਟਿੰਗ ਵਿਚ ਨਿਰਦੇਸ਼ ਦਿੱਤੇ ਗਏ ਸਨ ਕਿ ਉਕਤ ਸਕੀਮ ਜਿਸ ਦਾ ਖਰੜਾ ਨਾਲ ਨੱਥੀ ਹੈ, ਸਬੰਧੀ ਆਪਣੇ ਸੁਝਾਅ ਇਸ ਦਫਤਰ ਨੂੰ ਭੇਜੇ ਜਾਣ ਅਤੇ ਉਕਤ ਖਰੜਾ ਨਗਰ ਨਿਗਮ ਦੀ ਹਾਉਸ ਦੀ ਮੀਟਿੰਗ ਵਿਚ ਵਿਚਾਰਨ ਉਪਰੰਤ ਸਰਕਾਰ ਨੂੰ ਭੇਜਿਆ ਜਾਵੇ। ਇਸ ਸਬੰਧੀ ਸੁਝਾਅ ਹੇਠ ਲਿਖੇ ਅਨੁਸਾਰ ਹਨ:-

1. ਉਕਤ ਪਾਲਿਸੀ ਵਿਚ Rehabilitation scheme ਨੂੰ ਵੀ ਸ਼ਾਮਲ ਕੀਤਾ ਜਾਣਾ ਜਰੂਰੀ ਹੈ।
2. ਇਸ ਪਾਲਿਸੀ ਵਿਚ adjusted/ exempted/ area Reserved for Sepcial purpose ਤੋ ਇਲਾਵਾ ਰਿਹਾਇਸ਼ੀ ਪਲਾਟਾ ਤੇ ਕਾਰੋਬਾਰੀ ਭੋ-ਮੰਤਵ ਤਬਦੀਲੀ ਅਤੇ ਟੀ.ਪੀ. ਸਕੀਮਾ ਵਿਚ ਜ਼ੋ ਰਕਬਾ Temporarily prohibited for Building Oprations, ਦਰਸਾਇਆ ਹੈ, ਪ੍ਰੰਤੂ ਮੌਕੇ ਤੇ ਏਰੀਆ ਵਿਕਸਿਤ ਹੋ ਚੁੱਕਾ ਹੈ ਨੂੰ ਵੀ ਸ਼ਾਮਲ ਕਰਨਾ ਲੋੜੀਦਾ ਹੈ।
3. ਇਸ ਪੋਲਿਸੀ ਵਿਚ ਸੜਕ ਦੀ ਘੱਟ ਤੋ ਘੱਟ ਚੌੜਾਈ 40'-0" (ਘੱਟੋ ਤੋ ਘੱਟ 30 ਫੁੱਟ ਵਾਈਡਨਡ 40'-0") ਦੀ ਸ਼ਰਤ ਕਰਨਾ ਜਰੂਰੀ ਹੈ।ਕਿਉਕਿ ਟੀ.ਪੀ.ਸਕੀਮਾ ਵਿਚ ਸੜਕਾਂ ਦੀ ਚੌੜਾਈ 40'-0" ਤੋ ਜਿਆਦਾ ਨਹੀ ਹੈ।ਪਰੰਤ ਮਾਸਟਰ ਪਲਾਟ ਵਿਚ ਕਾਰੋਬਾਰੀ ਵਰਤੋ ਲਈ ਸੜਕ ਦੀ ਚੌੜਾਈ ਘੱਟ-ਘੱਟ 60'-0" ਨਿਸ਼ਚਿਤ ਕੀਤੀ ਗਈ ਹੈ।ਜੇਕਰ ਅਜਿਹਾ ਨਹੀ ਕੀਤਾ ਜਾਦਾ ਤਾ ਉਕਤ ਪਾਲਿਸੀ ਦਾ ਕੋਈ ਮੰਤਵ ਨਹੀ ਰਹਿ ਜਾਵੇਗਾ ।ਨਗਰ ਨਿਗਮਾਂ/ ਨਗਰ ਕੌਸ਼ਲਾਂ ਇਸ ਸਬੰਧ ਵਿਚ ਸੜਕਾਂ ਚਿੰਨਿਤ ਕਰ ਸਕਦੀਆ ਹਨ, ਜਿਹਨਾਂ ਸੜਕਾਂ ਤੇ ਮੌਜੂਦਾ ਕਾਰੋਬਾਰੀ ਰੁਝਾਨ ਹੈ, ਅਤੇ ਕਾਰੋਬਾਰੀ ਅਦਾਰੇ ਵਿਕਸਿਤ ਹੋ ਚੁੱਕੇ ਹਨ ਅਤੇ ਇਕ ਵਾਰ ਪੂਰੇ ਸ਼ਹਿਰ ਦੀ ਲਿਸਟ ਬਣਾਕੇ ਫੈਸਲਾ ਲਿਆ ਜਾ ਸਕਦਾ ਹੈ।ਇਸ ਨਾਲ ਨਗਰ ਨਿਗਮਾਂ/ਨਗਰ ਕੌਸਲਾਂ ਅਣ-ਅਧਿਕਾਰਤ ਤੌਰ ਤੇ ਭੌ-ਵਰਤੋ ਤਬਦੀਲੀ ਕੀਤੇ ਅਦਾਰਿਆ ਪਾਸੋ ਭੌ-ਵਰਤੋ ਤਬਦੀਲੀ ਫੀਸ ਦੀ ਰਿਕਵਰੀ ਵੀ ਕਰ ਸਕਦੀਆ ਹਨ। ਜਿਸ ਨਾਲ ਨਗਰ ਨਿਗਮਾਂ/ ਨਗਰ ਕੌਸਲਾਂ ਨੂੰ ਵਿੱਤੀ ਲਾਭ ਵੀ ਹੋਵੇਗਾ ।
4. ਪੈਰਾ ਨੰ: 2 (ਬੀ) ਵਿਚ ਦਰਸਾਏ ਕੇਸਾ ਜਿਨ੍ਹਾਂ ਵਿਚ ਪਲਾਟ ਦੀ Sub-Division ਹੋਵੇ, ਅਜਿਹੇ ਕੇਸਾਂ ਦੀ Sub-Division ਦੀ ਅਤੇ ਭੌ-ਮੰਤਵ ਦੀ ਤਬਦੀਲੀ ਦੀ ਪ੍ਰਵਾਨਗੀ ਵੀ Single Application ਵਿਚ ਹੀ ਹੋਣੀ ਚਾਹੀਦੀ ਹੈ।
5. ਇਸ ਪਾਲਿਸੀ ਅਧੀਨ ਭੌ-ਮੰਤਵ ਤਬਦੀਲੀ ਦੇ ਰੇਟ ਨਾਨ ਸਕੀਮ ਏਰੀਆਂ ਦੇ ਰੇਟਾਂ ਦੀ ਤਰਜ਼ ਤੇ ਪੋਟੈਂਸ਼ਲ ਜ਼ੋਨ ਦੇ ਅਨਸਾਰ ਨਿਸਚਿਤ ਕਰਨੇ ਚਾਹੀਦੇ ਹਨ।ਕਿਉਕਿ ਭੌ-ਮੰਤਵ ਤਬਦੀਲੀ ਸਬੰਧੀ ਸਾਲ 2006 ਦੀ ਪਾਲਿਸੀ ਅਨੁਸਾਰ ਸਾਰੇ ਸ਼ਹਿਰਾਂ ਵਿਚ ਇਕ ਹੀ ਰੇਟ ਨਿਸ਼ਚਿਤ ਕਰਨਾ ਉਚਿਤ ਨਹੀ ਹੋਵੇਗਾ।

6. ਭੌ-ਮੰਤਵ ਤਬਦੀਲੀ ਪਾਲਿਸੀ 2006 ਅਨੁਸਾਰ,ਹਾਊਸ ਲਾਈਨ ਸਕੀਮ ਅਨੁਸਾਰ ਰੱਖਣ ਦੀ ਬਜਾਏ ਇਸ ਪਾਲਿਸੀ ਵਿਚ ਬਿਲਡਿੰਗ ਬਾਈਲਾਜ਼ ਅਨੁਸਾਰ ਕਾਰੋਬਾਰੀ ਵਰਤੋ ਲਈ ਲੋੜੀਦਾ ਫਰੰਟ ਸੈਟ/ ਪਾਰਕਿੰਗ ਛੱਡਣ ਦੀ ਪ੍ਰੋਵਿਜਨ ਕੀਤੀ ਜਾਣੀ ਚਾਹੀਦੀ ਹੈ।

7. ਇਸ ਪਾਲਿਸੀ ਵਿਚ ਭੋ-ਮੰਤਵ ਤਬਦੀਲੀ ਦੀ ਪਾਲਿਸੀ 2006 ਦੀ ਤਰਜ਼ ਤੇ ਘੱਟ ਤੋ ਘੱਟ 100 ਵ: ਪਲਾਟ ਰਕਬਾ ਦੀ ਸ਼ਰਤ ਨਹੀ ਹੋਣੀ ਨਹੀ ਚਾਹੀਦੀ ਪੰਤੂ ਉਚਿਤ ਹੋਵੇਗਾ ਇਹ ਸ਼ਾਮਲ ਕਰ ਲਿਆ ਜਾਵੇ ਕਿ ਪਲਾਟ ਰਕਬਾ 100 ਵ: ਗਜ ਤੋ ਘੱਟ ਹੋਣ ਦੀ ਸੂਰਤ ਵਿਚ ਕੇਵਲ ਦੋ ਮੰਜਿਲ ਇਮਾਰਤ ਦੀ ਆਗਿਆ ਦਿੱਤੀ ਜਾਣੀ ਯੋਗ ਹੋਵੇਗੀ ।

8. ਇਸ ਪਾਲਿਸੀ ਵਿਚ 40'-0" ਚੋੜੀਆਂ ਸੜਕਾਂ ਕੇਵਲ ਕਾਰੋਬਾਰੀ ਕੈਟਾਗਰੀ ਅਧੀਨ ਆਉਦਾ ਲੈਂਡ ਯੂਜ਼ ਕੀਤਾ ਜਾਣਾ ਯੋਗ ਹੋਵੇਗਾ। ਪਰੰਤੂ ਅਜਿਹੈ ਲੈਂਡ ਯੂਜ਼ ਜਿਨ੍ਹਾਂ ਦੇ ਬਾਈਲਜ਼ ਵੱਖਰੇ ਹਨ ਜਿਵੇ ਕਿ ਮਲਟੀਪਲੈਕਸ/ਸਿਨਮਾਂ/ਮੈਰਿਜ ਪੈਲਸ/ ਪ੍ਰਟਰੋਲ ਪੰਪ ਆਦਿ ਅਤੇ ਸੜਕ ਦੀ ਚੌੜਾਈ ਪਹਿਲਾ ਹੀ ਬਿਲਡਿੰਗ ਬਾਈਲਜ ਅਨਸਾਰ 40'-0" ਤੋ ਵੱਧ ਨਿਰਧਾਰਤ ਹੈ । ਅਜਿਹੇ ਲੈਂਡ ਯੂਜ਼ ਦੀ ਪ੍ਰਵਾਨਗੀ ਕੇਵਲ ਲੋੜੀਦੀ ਸੜਕ ਦੀ ਚੌੜਾਈ ਉਪਲੰਬਧ ਹੋਣ ਤੇ ਹੀ ਕੀਤੀ ਜਾਣੀ ਯੋਗ ਹੋਵੇਗੀ ।

ਉਪਰੋਕਤ ਤੋ ਇਹ ਵੀ ਸੁਝਾਅ ਦਿੱਤਾ ਜਾਦਾ ਹੈ ਕਿ ਜ਼ੋ ਟੀ.ਪੀ.ਸਕੀਮਾਂ ਮਾਨਯੋਗ ਸੁਪਰੀਮ ਕੋਰਟ ਦੇ ਫੈਸਲੇ ਤੋ ਪਹਿਲਾਂ ਦੀਆਂ ਬਣੀਆਂ ਹਨ। ਪੰਤੂ ਮਾਨਯੋਗ ਸੁਪਰੀਮ ਕੋਰਟ ਦੀਆ ਹਦਾਇਤਾਂ ਕਾਰਨ ਅੰਤਿਮ ਰੂਪ ਨਹੀ ਲੈ ਸਕੀਆ, ਕਿਊ ਜ਼ੋ ਅਜਿਹੇ ਕੇਸਾਂ ਵਿਚ ਜਮੀਨ ਮਾਲਕਾਂ ਦੀ ਸਹਿਮਤੀ ਨਹੀ ਪ੍ਰਾਪਤ ਨਹੀ ਹੋ ਸਕੀ ਸੀ ਅਤੇ ਮੌਜੂਦਾ ਹਲਾਤਾਂ ਵਿਚ ਸਹਿਮਤੀ ਲੈਣਾ ਸੰਭਵ ਵੀ ਨਹੀਂ ਹੈ। ਅਜਿਹੀ ਟੀ.ਪੀ.ਸਕੀਮਾਂ ਨੂੰ ਡਰਾਪ ਕਰ ਦੇਣਾ ਚਾਹੀਦਾ ਹੈ ਅਤੇ ਇਹਨ੍ਹਾਂ ਸਕੀਮਾਂ ਵਿੱਚ ਮੌਜੂਦਾ ਸੜਕਾ/ ਪਾਰਕਾਂ/ ਪਬਲਿਕ ਸਪੇਸਜ਼ ਨੂੰ ਪੰਜਾਬ ਨਗਰ ਨਿਗਮ ਐਕਟ 1976 ਦੀ ਧਾਰਾ 241/242 ਅਧੀਨ ਪਬਲਿਕ ਸਟਰੀਟ/ਪਾਰਕ ਡਕਲੇਅਰ ਕੀਤਾ ਜਾ ਸਕਦਾ ਹੈ ਅਤੇ ਜ਼ੋ ਏਰੀਆ ਅਜੇ ਤੱਕ ਖਾਲੀ ਪਿਆ ਹੈ ਉਸ ਨੂੰ ਲੋੜੀਦੀ ਪ੍ਰਵਾਨਗੀ ਲੈਣ ਉਪਰੰਤ ਵਿਕਸ਼ਿਤ ਕਰਨ ਦੀ ਜਿੰਮੇਵਾਰੀ ਜਮੀਨ ਮਾਲਕ ਦੀ ਹੋਵੇਗੀ ।ਇਸ ਸਬੰਧੀ ਸਰਕਾਰ ਵਲੋ ਜਾਰੀ ਹਦਾਇਤਾਂ ਮਿਤੀ 11.10.96 ਵਿਚ ਵੀ ਜਿਕਰ ਕੀਤਾ ਗਿਆ ਹੈ। ਉਪਰੋਕਤ ਸੁਝਾਅ ਅਨੁਸਾਰ ਖਰੜਾ ਹਾਊਸ **ਦੀ ਮੀਟਿੰਗ** ਵਿਚ ਵਿਚਾਰਨ **ਅਤੇ ਪ੍ਰਵਾਨਗੀ ਹਿੱਤ** ਪੇਸ਼ ਹੈ ਜੀ।

18) **ਸਟਰੀਟ ਵੈਂਡਿੰਗ ਐਕਟ 2014 ਅਧੀਨ ਟਾਊਨ ਵੈਡਿੰਗ ਕਮੇਟੀ ਦਾ ਮੁੜ ਤੋ ਗਠਨ ਕਰਨ ਸਬੰਧੀ।**

**ਰਿਪੋਰਟ ਸੁਪਰਡੰਟ ਸਮੇਤ ਸਿਫਾਰਸ਼ ਸਕੱਤਰ** ਕਿ ਮਾਨਯੋਗ ਸਹਾਇਕ ਕਮਿਸ਼ਨਰ ਜੀ ਵੱਲੋਂ ਸਟਰੀਟ ਵੈਂਡਿੰਗ ਐਕਟ 2014 ਦੇ ਰੂਲਾ ਅਧੀਨ ਨਵੇਂ ਕਮੇਟੀ ਮੈਂਬਰ ਪ੍ਰਸਤਾਵਿਤ / ਨਾਮਜਦ ਕਰਨ ਵਾਸਤੇ ਸੁਝਾਅ ਦੇਣ ਲਈ ਲਿਖਿਆ ਗਿਆ ਸੀ ਸੋ ਟਾਊਨ ਵੈਂਡਿੰਗ ਕਮੇਟੀ ਦੇ ਪ੍ਰਸਤਾਵਿਤ/ ਨਾਮਜਦ ਮੈਂਬਰ ਹੇਠ ਲਿਖੇ ਅਨੁਸਾਰ ਹਨ :-

| ਲੜੀ ਨੰ: | ਨਾਮਜਦ ਮੈਂਬਰਾਂ ਦਾ ਵੇਰਵਾ | ਨਾਮਜਦ ਮੈਂਬਰਾ ਦਾ ਅਹੁਦਾ | ਵਿਭਾਗ/ਸੁਸਾਇਟੀ/ਕਿੱਤਾ | ਸੰਪਰਕ ਵੇਰਵਾ |
|---|---|---|---|---|
| 1 | ਮਾਨਯੋਗ ਕਮਿਸ਼ਨਰ | ਚੇਅਰਮੈਨ | ਦਫਤਰ ਨਗਰ ਨਿਗਮ ਹੁਸ਼ਿਆਰਪਰ। | |
| 2 | ਚੀਫ ਸੈਨਟਰੀ ਇੰਸਪੈਕਟਰ | ਮੈਂਬਰ | ਦਫਤਰ ਨਗਰ ਨਿਗਮ ਹੁਸ਼ਿਆਰਪੁਰ। | |
| 3 | ਡੀ.ਐਸ.ਪੀ | ਮੈਂਬਰ | **ਟੈਫ੍ਰਿਕ ਪੁਲਿਸ**,ਜਿਲ੍ਹਾ ਟ੍ਰੈਫਿਕ ਪੁਲਿਸ | |
| 4 | **ਐਲ.ਡੀ.ਐਮ**,ਲੀਡ ਡਿਸਟ੍ਰਿਕ ਮੈਨੇਜਰ | ਮੈਂਬਰ | ਪੀ.ਐਨ.ਬੀ ਇੰਪਰੂਵਮੈਂਟ ਟਰੱਸਟ | |
| 5 | ਮਨਮੀਤ ਤੁਲੀ | ਮੈਂਬਰ | ਮੌਜੂਦਾ ਕੌਂਸਲਰ | 9464525440 |
| 6 | ਪ੍ਰਦੀਪ ਬਿੱਟੂ | ਮੈਂਬਰ | ਮੌਜੂਦਾ ਕੌਂਸਲਰ | 9417045664 |
| 7 | ਰਾਜਨ ਗੁਪਤਾ ਪੁੱਤਰ ਸ਼੍ਰੀ ਮਹੇਸ਼ ਚੰਦ | ਮੈਂਬਰ | ਵਪਾਰ ਮੰਡਲ | 9417364572 |
| 8 | ਸੰਜੀਵ ਅਰੋੜਾ ਪੁੱਤਰ ਸ੍ਰੀ ਤਿਲਕ ਰਾਜ | ਮੈਂਬਰ | **ਭਾਰਤ ਵਿਕਾਸ ਪਰਿਸ਼ਦ** ਐਨ.ਜੀ.ਓ | 9855200104 |
| 9 | ਮਨੀ ਗੋਗੀਆ ਪੁੱਤਰ ਸ੍ਰੀ ਅਸ਼ੋਕ ਕੁਮਾਰ ਗੋਗੀਆ | ਮੈਂਬਰ | **ਸਰਬੱਤ ਦਾ ਭਲਾ** ਐਨ.ਜੀ.ਓ | 9463634003 |
| 10 | ਵਰਿੰਦਰ ਦੱਤ ਪੁੱਤਰ ਸ਼੍ਰੀ ਹੇਮ ਰਾਜ ਵੇਦ | ਮੈਂਬਰ | ਵੈਲਫੇਅਰ ਸੁਸਾਇਟੀ | 9417675758 |

| | | | | |
|---|---|---|---|---|
| 11 | ਹਰੀ ਰਾਮ ਆਦੀਆ,ਕਪੱੜਾ ਯੂਨੀਅਨ ਨੇੜੇ ਸਵਰਨ ਸਿਨੇਮਾ ਫਗਵਾੜਾ ਚੌਕ | ਮੈਂਬਰ | ਸਟਰੀਟ ਵੈਂਡਰ | 9988169077 |
| 12 | ਸਗਰੀ ਅਲੀ (ਹੈਡੀਕੈਪ) ਨਾਰੀਅਲ ਵਿਕਰੇਤਾ | ਮੈਂਬਰ | ਸਟਰੀਟ ਵੈਂਡਰ | 8872128751 |
| 13 | ਸੰਦੀਪ ਕੁਮਾਰ,ਪੁਰਾਣੀ ਸਬਜੀ ਮੰਡੀ | ਮੈਂਬਰ | ਸਟਰੀਟ ਵੈਂਡਰ | 8437187013 |
| 14 | ਤਰਸੇਮ ਲਾਲ ਭੰਗੀ ਚੋਅ ਪੁੱਲ ਸਬਜੀ ਮੰਡੀ | ਮੈਂਬਰ | ਸਟਰੀਟ ਵੈਂਡਰ | 9417341119 |
| 15 | ਕੁਸ਼,ਪੁਰਾਣੀ ਸਬਜੀ ਮੰਡੀ ਦੇ ਅੰਦਰ | ਮੈਂਬਰ | ਸਟਰੀਟ ਵੈਂਡਰ | 8360525101 |
| 16 | ਰਜੋ,ਪੀਰ ਮੱਦੀ ਸ਼ਾਹ ਗਲੀ | ਮੈਂਬਰ (ਐਸ.ਸੀ ਲੇਡੀ) | ਸਟਰੀਟ ਵੈਂਡਰ | 7508660863 |
| 17 | ਪਰਮਜੀਤ ਕੋਰ,ਜਲੰਧਰ ਰੋਡ ਨੇੜੇ ਆਈ.ਟੀ.ਆਈ | ਮੈਂਬਰ (ਐਸ.ਸੀ ਲੇਡੀ) | ਸਟਰੀਟ ਵੈਂਡਰ | 9876057747 |

**ਸੁਪਰਡੰਟ ਸਟਰੀਟ ਵੈਡਿੰਗ ਨਗਰ ਨਿਗਮ ਹੁਸ਼ਿਆਰਪੁਰ ਨੂੰ ਬਤੌਰ ਕੰਨਵੀਨਰ ਨਿਯੁਕਤ ਕੀਤਾ ਜਾਣਾ ਹੈ।**

ਲੜੀ ਨੰ:5,6 ਉਤੇ ਦਰਜ ਮੋਜੂਦ ਕੌਂਸਲਰ ਸਾਹਿਬਾਨ ਨੂੰ ਮਾਨਯੋਗ ਮੇਅਰ ਸਾਹਿਬ ਵੱਲੋਂ ਮੋਜੂਦਾ ਕੌਂਸਲਰ ਦੇ ਨਾਮ ਟਾਊਨ ਵੈਡਿੰਗ ਕਮੇਟੀ ਲਈ ਸੁਝਾਏ ਗਏ ਹਨ ਅਤੇ ਆਉਣ ਵਾਲੀ ਹਾਊਸ ਦੀ ਮੀਟਿੰਗ ਵਿੱਚ ਸਟਰੀਟ ਵੈਡਿੰਗ ਐਕਟ 2014 ਦੇ ਰੂਲਾਂ ਅਨੁਸਾਰ ਹਾਊਸ ਦੀ ਜਾਣਕਾਰੀ ਅਤੇ ਪ੍ਰਵਾਨਗੀ ਲਈ ਪੇਸ਼ ਕਰ ਦਿੱਤਾ ਜਾਵੇਗਾ। ਲੜੀ ਨੰ: 3,4 ਸਬੰਧੀ ਦਸਿਆ ਜਾਂਦਾ ਹੈ ਕਿ ਸੀਨੀਅਰ ਪੁਲਿਸ ਕਪਤਾਨ ਅਤੇ ਐਲ.ਡੀ.ਐਮ ਵਿਭਾਗ ਨੂੰ ਆਪਣਾ ਅਧਿਕਾਰੀ/ਕਰਮਚਾਰੀ ਨਾਮਜਦ ਕਰਨ ਲਈ ਦਫਤਰ ਨਗਰ ਨਿਗਮ ਵਲੋਂ ਕ੍ਰਮਵਾਰ ਪੱਤਰ ਨੰ:979,978 ਮਿਤੀ 24.03.2023 ਰਾਹੀਂ ਭੇਜ ਦਿੱਤਾ ਗਿਆ ਹੈ ਅਤੇ ਸੂਚਨਾ ਮਿਲਣ ਉਪਰੰਤ ਸਬੰਧਤ ਵਿਭਾਗ ਦੇ ਕਰਮਚਾਰੀ/ਅਧਿਕਾਰੀ ਦਾ ਨਾਮ ਨੂੰ ਟਾਊਨ ਵੈਡਿੰਗ ਕਮੇਟੀ ਵਿੱਚ ਮੈਂਬਰ ਵਜੋਂ ਸ਼ਾਮਿਲ ਕਰ ਲਿਆ ਜਾਵੇਗਾ। **ਸਟਰੀਟ ਵੈਡਿੰਗ ਐਕਟ ਨੂੰ ਸਮੇਂ ਸਿਰ ਲਾਗੂ ਕਰਨ ਲਈ ਉਕਤ ਕਮੇਟੀ ਮੁੜ ਗਠਿਤ ਕਰਨ ਦਾ ਮਾਮਲਾ ਹਾਊਸ ਦੀ ਮੀਟਿੰਗ ਵਿਚ ਵਿਚਾਰਨ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।**

19) **ਆਡਿਟ ਪੈਰਾ ਨੰ: 3(4) ਕਿਤਾਬ ਨੰ: 225 (ਫਾਰਮ ਓ4) ਦੀਆਂ ਰਸੀਦ ਨੰ: 1 ਤੋਂ 196 ਤੱਕ ਦੀ ਆਮਦਨ ਕਮੇਟੀ ਫੰਡ ਵਿੱਚ ਜਮ੍ਹਾਂ ਕਰਵਾਉਣ ਲਈ ਮਤਾ ਨੰ: 58 (ੲ) ਮਿਤੀ 27.09.2016 ਰਾਹੀਂ ਪਾਸ ਕੀਤੇ ਗਏ ਮਤੇ ਨੂੰ ਵਿਧਾਨ ਸਭਾ ਕਮੇਟੀ ਦੇ ਫੈਸਲੇ ਅਨੁਸਾਰ ਮੁੜ ਪਾਸ ਕਰਵਾਉਣ ਉਪਰਾਂਤ ਸਰਕਾਰ ਨੂੰ ਭੇਜਣ ਸਬੰਧੀ।**

**ਰਿਪੋਰਟ ਲੇਖਾਕਾਰ ਸਮੇਤ ਸਿਫਾਰਸ਼ ਸੁਪਰਡੰਟ** ਕਿ ਆਡਿਟ ਵਿਭਾਗ ਵੱਲੋਂ ਚੂੰਗੀ ਦੀ ਕੈਸ਼ ਬੁੱਕ ਮਿਤੀ 21.11.2002 ਤੋਂ 27.11.2002 ਦੇ ਜੋੜਾਂ ਦੀ ਪੜਤਾਲ ਕਰਦੇ ਸਮੇਂ ਦੇਖਿਆ ਗਿਆ ਕਿ ਕਿਤਾਬ ਨੰ: 225 (ਫਾਰਮ ਓ4) ਦੀਆਂ ਰਸੀਦਾਂ ਨੰਬਰ 1 ਤੋਂ 196 ਤੱਕ ਦੀ ਆਮਦਨ ਕਮੇਟੀ ਫੰਡ ਵਿੱਚ ਜਮ੍ਹਾਂ ਹੋ ਚੁੱਕੀ ਹੈ ਪਰ 197 ਤੋਂ 200 ਤੱਕ ਰਸੀਦਾ ਦੀ ਆਮਦਨ ਅਜੇ ਤੱਕ ਜਮ੍ਹਾਂ ਨਹੀ ਹੋਈ।

ਇਸੇ ਤਰ੍ਹਾਂ ਦੀ ਰਸੀਦ ਬੁੱਕ 227(ਫਾਰਮ ਓ4) ਦੀਆਂ ਰਸੀਦਾਂ 1 ਤੋਂ 188 ਤੱਕ ਦੀ ਆਮਦਨ ਕਮੇਟੀ ਫੰਡ ਵਿੱਚ ਜਮ੍ਹਾਂ ਹੋ ਚੁੱਕੀ ਹੈ। ਪ੍ਰੰਤੂ 189 ਤੋਂ 200 ਦੀਆਂ ਰਸੀਦਾਂ ਦੀ ਆਮਦਨ ਕਮੇਟੀ ਫੰਡ ਵਿੱਚ ਜਮ੍ਹਾਂ ਨਹੀ ਹੋਈ। ਉੱਕਤ ਦਰਜ ਰਸੀਦਾਂ ਦੀ ਆਮਦਨ ਕਮੇਟੀ ਫੰਡ ਵਿੱਚ ਜਮ੍ਹਾਂ ਨਾ ਹੋਣ ਬਾਰੇ ਮਾਮਲਾ ਆਡਿਟ ਰਿਕੋਜੀਸ਼ਨ ਨੰਬਰ 42 ਮਿਤੀ 18.12.2002 ਰਾਹੀ ਕਾਰਜ ਸਾਧਕ ਅਫਸਰ ਨਗਰ ਕੌਂਸਲ ਦੇ ਵਿਸ਼ੇਸ਼ ਧਿਆਨ ਵਿੱਚ ਲਿਆਂਦਾ ਗਿਆ ਸੀ, ਕਿ ਇਹ ਰਸੀਦ ਬੁੱਕਾਂ ਕਿਸੇ ਸੰਭਾਵੀ ਗਬਨ ਦਾ ਕਾਰਨ ਨਾ ਬਣ ਜਾਣ ਅਤੇ ਇਸ ਸਬੰਧੀ ਕੀਤੀ ਕਾਰਵਾਈ ਤੋਂ ਆਡਿਟ ਨੂੰ ਜਾਣੂ ਨਹੀ ਕਰਵਾਇਆ। ਨਗਰ ਕੌਂਸਲ ਵੱਲੋਂ ਸਟੇਸ਼ਨ ਅਫਸਰ ਪੁਲਿਸ ਸਟੇਸ਼ਨ ਸਿਟੀ ਕੋਤਵਾਲੀ ਹੁਸ਼ਿਆਰਪੁਰ ਵਿਖੇ ਇਸ ਸਬੰਧੀ ਐਫ.ਆਈ.ਆਰ ਦਰਜ ਕਰਨ ਬਾਰੇ ਲਿਖੇ ਪੱਤਰ ਨੰ: 461 ਮਿਤੀ 10.02.2003 ਅਨੁਸਾਰ ਓ4 ਕਿਤਾਬ ਨੰ: 225 ਵਿੱਚੋਂ 197 ਤੋਂ 198 ਤੱਕ ਦੀਆਂ ਅਤੇ ਓ4 ਕਿਤਾਬ ਨੰ: 227 ਵਿੱਚੋਂ 189 ਤੋਂ 192 ਤੱਕ ਦੀਆਂ ਰਸੀਦਾਂ ਪਾੜੀਆਂ ਗਈਆਂ। ਪੁਲਿਸ ਵੱਲੋਂ ਦਰਜ ਕੀਤੀ ਐਫ.ਆਈ.ਆਰ ਬਾਰੇ ਅਤੇ ਇਸ ਸਬੰਧੀ ਕੀਤੀ ਕਾਰਵਾਈ ਅਤੇ ਹੋਈ ਪ੍ਰਗਤੀ ਬਾਰੇ ਸਹਾਇਕ ਕੰਟਰੋਲਰ (ਲੋਕਲ ਆਡਿਟ) ਨੂੰ ਜਾਣੂ ਨਹੀ ਕਰਵਾਇਆ ਗਿਆ। ਇਸ ਸਬੰਧੀ ਕੀਤੀ ਕਾਰਵਾਈ ਬਾਰੇ ਆਡਿਟ ਨੂੰ ਜਾਣੂ ਕਰਵਾਇਆਂ ਜਾਵੇ। ਇਸ ਤੋਂ ਇਲਾਵਾ ਓ4 ਰਸੀਦ ਨੰ: 199,200/225 ਅਤੇ ਰਸੀਦ ਨੰ: 193 ਤੋਂ 200/277 ਰਾਹੀ ਵਸੂਲੀ ਆਮਦਨ ਨਗਰ ਕੌਂਸਲ ਫੰਡ ਵਿੱਚ ਜਮ੍ਹਾਂ ਹੋਣ ਬਾਰੇ ਵੀ ਸਹਾਇਕ ਕੰਟਰੋਲਰ (ਲੋਕਲ ਆਡਿਟ) ਨੂੰ ਬਿਨ੍ਹਾਂ ਕਿਸੇ ਦੇਰੀ ਦੇ ਸੂਚਿਤ ਕਰਦੇ ਹੋਏ ਸਮੇਤ ਰਿਕਾਰਡ ਦੀ ਪੜਤਾਲ ਕਰਵਾਈ ਗਈ।

ਨਗਰ ਕੌਂਸਲ, ਹੁਸ਼ਿਆਰਪੁਰ ਦੇ ਕਾਰਜ ਸਾਧਕ ਅਫਸਰ ਵੱਲੋਂ ਮਿਤੀ 26.02.03 ਨੂੰ ਐਫ.ਆਈ.ਆਰ ਦਰਜ ਕਰਵਾਈ ਗਈ ਸੀ। ਉਸ ਸਬੰਧੀ ਮੁੱਖ ਮੁਨਸ਼ੀ ਥਾਣਾ ਮਾਡਲ ਟਾਊਨ ਹੁਸ਼ਿਆਰਪੁਰ ਨੇ ਮਿਤੀ 17.10.05 ਨੂੰ ਲਿਖ ਕੇ ਦਿੱਤਾ ਗਿਆ ਕਿ ਰਿਕਾਰਡ ਅਨੁਸਾਰ ਦਰਜ ਗੁੰਮਸ਼ੁਦਗੀ ਸਬੰਧੀ ਅਜੇ ਤੱਕ ਕੋਈ ਸੁਰਾਗ ਨਹੀ ਮਿਲਿਆ। ਮਿਤੀ 31.07.06 ਨੂੰ ਸਰਕਾਰ ਵੱਲੋਂ ਚੂੰਗੀਆਂ ਖਤਮ ਕਰ ਦਿੱਤੀਆਂ ਗਈਆਂ ਸੀ। ਹੁਣ ਇਹਨਾਂ ਕਿਤਾਬਾ ਦੀ ਦੁਰਵਰਤੋਂ ਨਹੀ ਹੋ ਸਕਦੀ।

ਵਿਧਾਨ ਸਭਾ ਦੇ ਫੈਸਲੇ ਅਨੁਸਾਰ ਉਪਰੋਕਤ ਆਡਿਟ ਪੈਰੇ ਨੂੰ ਡਰਾਪ ਕਰਨ ਲਈ ਇਸ ਮਤੇ ਨੂੰ ਹਾਊਸ ਦੀ ਮੀਟਿੰਗ ਵਿੱਚ ਦੁਬਾਰਾ ਪਾਸ ਕਰਵਾਉਣ ਉਪਰਾਂਤ ਸਰਕਾਰ ਨੂੰ ਪ੍ਰਵਾਨਗੀ ਲਈ ਭੇਜਿਆ ਜਾਣਾ ਹੈ। **ਸਮੁੱਚਾ ਮਾਮਲਾ** ਹਾਊਸ ਦੀ ਮੀਟਿੰਗ ਵਿੱਚ **ਵਿਚਾਰਨ ਅਤੇ** ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

20) **<u>ਆਡਿਟ ਪੈਰਾ ਨੰ: 4(ਕ-2) ਬਿਜਲੀ ਦੇ ਬਿੱਲਾਂ ਸਬੰਧੀ ਮਤਾ ਨੰ: 58 (ਹ) ਮਿਤੀ 22.09.2016 ਰਾਹੀਂ ਪਾਸ ਕੀਤੇ ਗਏ ਮਤੇ ਨੂੰ ਵਿਧਾਨ ਸਭਾ ਕਮੇਟੀ ਦੇ ਫੈਸਲੇ ਅਨੁਸਾਰ ਮੁੜ ਪਾਸ ਕਰਵਾਉਣ ਉਪਰੰਤ ਸਰਕਾਰ ਨੂੰ ਭੇਜਣ ਸਬੰਧੀ।</u>**

**ਰਿਪੋਰਟ ਜੂਨੀਅਰ ਇੰਜੀਨੀਅਰ ਸਮੇਤ ਸਿਫਾਰਸ਼ ਨਿਗਮ ਇੰਜੀਨੀਅਰ ਕਿ** ਆਡਿਟ ਵਿਭਾਗ ਵੱਲੋਂ ਬਿਜਲੀ ਦੇ ਬਿੱਲ ਪਾਸ ਕਰਦੇ ਸਮੇਂ ਧਿਆਨ ਵਿੱਚ ਆਇਆ ਹੈ ਕਿ ਹੇਠ ਦਰਸਾਏ ਬਿੱਲਾਂ ਦੀਆਂ ਰਕਮਾਂ ਵਿੱਚ ਕੁੱਝ ਰਕਮਾਂ ਫੁਟਕਲ ਖਰਚ/ਸਕੈਂਡਰੀ ਚਾਰਜਿਜ ਵਜੋਂ ਪਾਏ ਗਏ ਜਦ ਕਿ ਬਿੱਲਾਂ ਦੀ ਅਦਾਇਗੀ ਨਿਰਧਾਰਿਤ ਸਮੇਂ ਵਿੱਚ ਕਰ ਦਿੱਤੀ ਗਈ ਸੀ। ਕਾਰਜ ਸਾਧਕ ਅਫਸਰ ਦੇ ਲਿਖਣ ਤੇ ਸਰਚਾਰਜ ਦੀਆਂ ਰਕਮਾਂ ਤੋਂ ਬੱਚਣ ਲਈ ਬਿੱਲ ਆਡਿਟ ਵਿੱਚ ਪਾਸ ਕਰ ਦਿੱਤੇ ਗਏ। ਫੁਟਕਲ ਰਕਮਾਂ ਦਾ ਵੇਰਵਾ ਆਡਿਟ ਨੂੰ ਦੱਸਿਆਂ ਜਾਵੇ ਨਹੀ ਤਾ ਸਬੰਧਤ ਕਰਮਚਾਰੀ ਤੋਂ ਵਸੂਲਿਆ ਜਾਵੇ ਜਾ ਇਸ ਦੀ ਅਡਜਸਟਮੈਂਟ ਅਗਲੇ ਬਿਜਲੀ ਖਪਤ ਬਿੱਲਾਂ ਵਿੱਚ ਕਰਵਾਈ ਜਾਵੇ।

| ਖਾਤਾ ਨੰ: | ਵਾਊਚਰ ਨੰ: ਅਤੇ ਮਿਤੀ | ਬਿੱਲ ਦੀ ਕੁੱਲ ਰਕਮ ਰੁ: | ਫੁੱਟਕਲ ਚਾਰਜ/ਸਕੈਂਡਰੀ ਚਾਰਜ ਵਜੋਂ ਪਾਈ ਰਕਮ ਰੁ: |
|---|---|---|---|
| ਐਸ.ਐਲ.22/0035 | 11.10.10 | 33050- | 21312- |
| ਐਸ.ਐਲ.22/0040 | 11.10.10 | 69610- | 14666- |
| ਸਟਰੀਟ ਲਾਇਟ | 757 27.01.11 | 2416950- | 1116223- |
| ਸਟਰੀਟ ਲਾਇਟ | 306 25.03.11 | 2193171 | 1071133- |
| | 427 23.02.11 | 2600020- | 1132467- |
| ਟਿਊਬਵੈਲ | 513,516 (05/12) | 1173590- | 615182- |
| | 202 (06/12) | 284165- | 22011- |
| | 148,149,150 (08/12) | 1009830- | 34269- |
| | 179,180,181,182 (10/12) | 754540 | 54936- |
| | 189,190,191 (11/12) | 869100- | 234068- |
| ਸਟਰੀਟ ਲਾਇਟ | 478 (01/13) | 2708074- | 968259- |
| ਟਿਊਬਵੈਲ | 135,139 (01/13) | 627050- | 115698- |
| | 339 (02/13) | 51310- | 16049- |
| | 362(11/13,12/13) 28.01.14 | 1923375- | 1009766- |
| | 153 ਤੋਂ 659(01/14) 10.02.14 | 662970- | 27524- |
| ਬਿਜਲੀ ਸਬੰਧੀ | 119 ਤੋਂ 122(04/13,05/13) 10.06.13 | 491960- | 21574- |
| | 130 ਤੋਂ 134 (09/13,10/13) 08.11.13 | 647345- | 24803- |
| | 96 ਤੋਂ 99 (11/13,12/13) 06.01.14 | 423459- | 23763- |
| | 178 ਤੋਂ 181 (10/13,11/13) 02.12.13 | 801065- | 38415- |

ਨਗਰ ਨਿਗਮ ਵੱਲੋਂ ਅਦਾ ਕੀਤੇ ਗਏ ਬਿੱਲਾਂ ਵਿੱਚੋ ਕੋ ਫੁਟਕਲ ਚਾਰਜਿਜ ਦਰਸਾਏ ਗਏ ਹੈ, ਉਹ ਬਿਜਲੀ ਬੋਰਡ ਵੱਖ-ਵੱਖ ਸਮੇਂ ਤੇ ਵਧਾਏ ਗਏ ਰੇਟਸ Schedule of tariff for street light supply ਪਿਛਲੇ ਸਮੇਂ ਤੋਂ ਲਾਗੂ ਕਰਨ ਅਤੇ ਹਰ ਯੂਨਿਟ ਤੋਂ ਤਿੰਨ ਸਾਲਾਂ ਵਿੱਚ ਲਏ ਗਏ ਚਾਰਜਿਜ ਹੀ ਹਨ, ਕੋਈ ਵੀ ਅਦਾਇਗੀ ਵਾਧੂ ਨਹੀ ਕੀਤੀ ਗਈ। ਵਿਧਾਨ ਸਭਾ ਦੇ ਫੈਸਲੇ ਅਨੁਸਾਰ ਉਪਰੋਕਤ ਆਡਿਟ ਪੈਰੇ ਨੂੰ ਡਰਾਪ ਕਰਨ ਲਈ ਇਸ ਮਤੇ ਨੂੰ ਹਾਊਸ ਦੀ ਮੀਟਿੰਗ ਵਿੱਚ ਦੁਬਾਰਾ ਪਾਸ ਕਰਵਾਉਣ ਉਪਰੰਤ ਸਰਕਾਰ ਨੂੰ ਪ੍ਰਵਾਨਗੀ ਲਈ ਭੇਜਿਆ ਜਾਣਾ ਹੈ। **ਸਮੁੱਚਾ ਮਾਮਲਾ ਹਾਊਸ ਦੀ ਮੀਟਿੰਗ ਵਿੱਚ ਵਿਚਾਰਨ ਅਤੇ** ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

21) **<u>ਐਡਵਰਟਾਈਜਮੈਂਟ ਟੈਕਸ ਕੁਲੈਕਸ਼ਨ ਨਗਰ ਨਿਗਮ ਹੁਸ਼ਿਆਰਪੁਰ ਵਲੋਂ ਆਪਣੇ ਪੱਧਰ ਤੇ ਕੀਤੇ ਜਾਣ ਸਬੰਧੀ।</u>**

ਰਿਪੋਰਟ ਇੰਸਪੈਕਟਰ ਸਮੇਤ ਸਿਫਾਰਸ਼ ਸੁਪਰਡੰਟ ਕਿ ਇਸ ਦਫਤਰ ਵਲੋਂ ਐਡਵਰਟਾਈਜਮੈਂਟ ਟੈਕਸ ਕੁਲੈਕਸ਼ਨ ਦਾ ਠੇਕਾ ਦੇਣ ਲਈ ਮਿਤੀ 03.04.2023 ਨੂੰ ਟੈਂਡਰ ਫਲੋਟ ਕੀਤਾ ਗਿਆ ਪਰ ਕਿਸੇ ਵੀ ਬੋਲੀਕਾਰ/ਬਿੱਡਰ ਵਲੋਂ ਇਹ ਟੈਂਡਰ ਨਹੀਂ ਭਰਿਆ ਗਿਆ ਹੈ ਜਿਸ ਕਾਰਨ ਐਡਵਰਟਾਈਜਮੈਂਟ ਟੈਕਸ ਕੁਲੈਕਸ਼ਨ ਨਗਰ ਨਿਗਮ ਵਲੋਂ ਆਪਣੇ ਪੱਧਰ ਤੇ ਕੀਤੀ ਜਾ ਰਹੀ ਹੈ, ਇੱਥੇ ਦੱਸਣਯੋਗ ਹੈ ਕਿ ਮਾਨਯੋਗ ਮੰਤਰੀ, ਸਥਾਨਕ ਸਰਕਾਰ ਵਿਭਾਗ ਪੰਜਾਬ ਚੰਡੀਗੜ੍ਹ ਜੀ ਵਲੋਂ ਮਿਤੀ 18.04.2023 ਨੂੰ ਚੰਡੀਗੜ੍ਹ ਵਿਖੇ ਵਿਭਾਗ ਦੇ ਕੰਮਾਕਾਜਾ ਦਾ ਰੀਵਿਊ ਕੀਤਾ ਗਿਆ, ਵਿਚਾਰ ਵਟਾਂਦਰੇ ਦੌਰਾਨ ਮਾਨਯੋਗ ਮੰਤਰੀ ਅਤੇ ਵੱਖ ਵੱਖ ਵਿਭਾਗ ਦੇ ਉੱਚ ਅਧਿਕਾਰੀਆਂ ਵਲੋਂ ਮੀਟਿੰਗ ਦੌਰਾਨ ਸੂਚਿਤ ਕੀਤਾ ਗਿਆ ਕਿ ਐਡਵਰਟਾਈਜਮੈਂਟ ਟੈਕਸ ਕੁਲੈਕਸ਼ਨ ਵਿਚ ਵਾਧਾ ਕਰਨ ਅਤੇ ਪਾਰਦਰਸ਼ਤਾ ਲਿਆਉਣ ਲਈ ਸਰਕਾਰ ਵਲੋਂ ਐਡਵਰਟਾਈਜਮੈਂਟ ਟੈਕਸ ਕੁਲੈਕਸ਼ਨ ਲਈ ਤਿਆਰ ਕੀਤੇ ਪੋਰਟਲ ਉੱਪਰ ਮੌਜੂਦਾ ਅਤੇ ਨਵੀਂਆ ਸਾਈਟਾ ਨੂੰ ਸਵਿੱਚ ਓਵਰ ਕੀਤਾ ਜਾਵੇ ਜਿਸ ਅਨੁਸਾਰ ਕੋਈ ਵੀ ਵਿਅਕਤੀ ਪੋਰਟਲ ਤੇ ਵਿਜਟ ਕਰਕੇ ਨਿਸ਼ਚਿਤ ਰੇਟਾਂ

ਅਨੁਸਾਰ ਆਪਣਾ ਸਲਾਟ ਬੁੱਕ ਕਰ ਸਕਦਾ ਹੈ। ਇਸ ਪੋਰਟਲ ਨੂੰ ਬਣਾਉਣ ਲਈ ਐਚ.ਡੀ.ਐਫ.ਸੀ ਬੈਂਕ ਸੁਤਿਹਰੀ ਰੋਡ ਹੁਸ਼ਿਆਰਪੁਰ ਦੇ ਵੱਖ ਵੱਖ ਤਕਨੀਕੀ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ ਜਿਨਾਂ ਵਲੋਂ ਇਹ ਪੋਰਟਲ ਨਿਸ਼ੁਲਕ ਇਸ ਦਫਤਰ ਨੂੰ ਤਿਆਰ ਕਰਕੇ ਦੇਣ ਦੀ ਸਹਿਮਤੀ ਦਿੱਤੀ ਗਈ। ਇਸ ਤਰਾਂ ਇਸ ਪੋਰਟਲ ਨੂੰ ਜਲਦ ਤੋਂ ਜਲਦ ਤਿਆਰ ਕਰਕੇ ਅਤੇ ਚਾਲੂ ਕਰਨ ਲਈ ਹੁਣ ਨਗਰ ਨਿਗਮ ਵਲੋ ਜਿੱਥੇ ਸਾਈਟਾਂ ਦੀ ਲੋਕੇਸ਼ਨ/ਫੋਟੋ ਸਬੰਧਤ ਬੈਂਕ ਨੂੰ ਅਪਲੋਡ ਕਰਨ ਹਿੱਤ ਭੇਜੀਆ ਜਾਣੀਆ ਹਨ। ਇੱਥੇ ਨਗਰ ਨਿਗਮ ਵਲੋਂ ਤੈਅ ਕੀਤੇ ਗਏ ਰੇਟਾਂ ਅਤੇ ਸਮਾਂ ਮਿਆਦ ਸਬੰਧੀ ਸੂਚਨਾਂ ਵੀ ਭੇਜੀ ਜਾਣੀ ਹੈ। ਹੇਠ ਲਿਖੇ ਅਨੁਸਾਰ ਐਡਵਰਟਾਈਜਮੈਂਟ ਟੈਕਸ ਕੁਲੈਕਸ਼ਨ ਰੇਟ ਅਤੇ ਸਮਾਂ ਮਿਆਦ ਸਬੰਧੀ ਤਜਵੀਜ ਤਿਆਰ ਕੀਤੀ ਗਈ ਹੈ:-

ਕੁੱਲ ਸਾਈਟਾਂ = 33

ਕੁੱਲ ਸਟਰੀਟ ਲਾਈਟ ਪੋਲਜ= 125

ਬੱਸ ਸ਼ੈਲਟਰ = 1

ਓ.ਐਚ.ਐਸ.ਆਰ (ਪਾਣੀ ਦੀਆਂ ਟੈਂਕੀਆ)= 3

| | | |
|---|---|---|
| ਪਿੱਛਲੇ ਟੈਂਡਰ ਅਨੁਸਾਰ ਪ੍ਰਤੀ ਸਕੇਅਰ ਫੁੱਟ ਰੇਟ 49/- ਰੁਪਏ (ਜੀ.ਐਸ.ਟੀ ਵੱਖਰੇ ਤੌਰ ਤੇ ਚਾਰਜ ਕੀਤੀ ਜਾਵੇ) | ਨਗਰ ਨਿਗਮ ਵਲੋਂ ਮੌਜੂਦਾ ਚਾਰਜ ਕੀਤਾ ਜਾ ਰਿਹਾ ਪ੍ਰਤੀ ਸਕੇਅਰ ਫੁੱਟ ਰੇਟ 60/- ਰੁਪਏ (ਜੀ.ਐਸ.ਟੀ ਵੱਖਰੇ ਤੌਰ ਤੇ ਚਾਰਜ ਕੀਤੀ ਜਾਵੇ) | ਮਿਤੀ 03.04.2023 ਨੂੰ ਫਲੋਟ ਕੀਤੇ ਗਏ ਟੈਂਡਰ ਅਨੁਸਾਰ ਪ੍ਰਤੀ ਸਕੇਅਰ ਫੁੱਟ ਰੇਟ 70/- ਰੁਪਏ (ਜੀ.ਐਸ.ਟੀ ਵੱਖਰੇ ਤੌਰ ਤੇ ਚਾਰਜ ਕੀਤੀ ਜਾਵੇ) |

ਉਕਤ ਤੋਂ ਇਲਾਵਾ ਇਸ ਸਮੇਂ ਕਿਸੇ ਵੀ ਵਿਅਕਤੀ ਨੂੰ ਟੈਕਸ ਅਦਾ ਕਰਨ ਉਪਰੰਤ ਵੱਧ ਤੋਂ ਵੱਧ 1 ਮਹੀਨੇ ਲਈ ਐਡਵਰਟਾਈਜਮੈਂਟ ਕਰਨ ਦੀ ਪ੍ਰਵਾਨਗੀ ਦਿੱਤੀ ਜਾ ਰਹੀ ਹੈ ਅਤੇ ਜੇਕਰ ਸਾਰੀਆ ਉਪਲੱਬਧ ਸਾਈਟਾਂ ਨੂੰ ਪੋਰਟਲ ਉਪਰ ਅਪਲੋਡ ਕੀਤਾ ਜਾਵੇ ਤਾਂ ਸਲਾਟ ਬੁੱਕ ਕਰਨ ਦੀ ਵੱਧ ਤੋਂ ਵੱਧ ਮਿਆਦ 1 ਮਹੀਨਾ ਰੱਖਣੀ ਵਾਜਿਬ ਹੈ ਜਿਸ ਨਾਲ ਜਿੱਥੇ ਵਿਅਕਤੀਆ ਵਿਚ ਸਾਈਟ ਬੁੱਕ ਕਰਨ ਵਿਚ ਉਤਸਾਹ ਰਹੇਗਾ ਉੱਥੇ ਉਹਨਾਂ ਦਾ ਆਪਸ ਵਿਚ ਕੰਪੀਟੀਸ਼ਨ ਵੀ ਵੱਧ ਰਹੇਗਾ ਜਿਸ ਨਾਲ ਨਗਰ ਨਿਗਮ ਨੂੰ ਵਿੱਤੀ ਲਾਭ ਹੋਵੇਗਾ। ਉਕਤ ਘਟਨਾਕ੍ਰਮ ਦੀ ਰੌਸ਼ਨੀ ਵਿਚ ਇਹ ਉੱਚਿਤ ਹੋਵੇਗਾ ਕਿ ਨਗਰ ਨਿਗਮ ਦੀਆਂ ਮੌਜੂਦਾ ਸਥਿਤ ਸਾਈਟਾਂ ਨੂੰ ਪੋਰਟਲ ਤੇ ਅਪਲੋਡ ਕਰ ਦਿੱਤਾ ਜਾਵੇ ਅਤੇ ਐਡਵਰਟਾਈਜਮੈਂਟ ਕਰਨ ਲਈ 70/- ਰੁਪਏ ਪ੍ਰਤੀ ਸਕੇਅਰ ਫੁੱਟ ਰੇਟ ਹਾਲ ਦੀ ਘੜੀ ਫਿਕਸ ਕੀਤਾ ਜਾਵੇ ਅਤੇ ਐਡਵਰਟਾਈਜਮੈਂਟ ਕਰਨ ਦੀ ਕਿਸੇ ਵੀ ਵਿਅਕਤੀ ਨੂੰ ਵੱਧ ਤੋਂ ਵੱਧ 1 ਮਹੀਨਾ ਦੀ ਪ੍ਰਵਾਨਗੀ ਦਿੱਤੀ ਜਾਵੇ ਅਤੇ ਭਾਰਤ ਸਰਕਾਰ/ਪੰਜਾਬ ਸਰਕਾਰ ਵਲੋਂ ਐਡਵਰਟਾਈਜਮੈਂਟ ਮੱਦ ਉਪਰ ਜੇਕਰ ਕੋਈ ਟੈਕਸ/ਫੀਸ ਨਿਰਧਾਰਿਤ ਕੀਤੀ ਹੋਵੇ ਉਹ ਨਗਰ ਨਿਗਮ ਦੇ ਟੈਕਸ ਤੋਂ ਵੱਖਰੀ ਚਾਰਜ ਕੀਤੀ ਜਾਵੇ। ਉਕਤ ਤਜਵੀਜ ਨੂੰ ਲਾਗੂ ਕਰਨ ਦਾ ਮਾਮਲਾ ਹਾਊਸ ਦੀ ਮੀਟਿੰਗ ਵਿਚ ਵਿਚਾਰਨ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

22) **Punjab Urban Local Bodies Surveillance Grid for Women Safety (PUNGRID- WS)" ਸਕੀਮ ਸਬੰਧੀ।**

**ਰਿਪੋਰਟ ਜੂਨੀਅਰ ਇੰਜੀਨੀਅਰ ਸਮੇਤ ਸਿਫਾਰਸ਼ ਨਿਗਮ ਇੰਜੀਨੀਅਰ** ਕਿ ਨਿਰਭੈ ਸਕੀਮ ਅਧੀਨ ਭਾਰਤ ਸਰਕਾਰ ਵਲੋਂ ਰਾਜ ਸਰਕਾਰ ਦੇ ਇਸ ਪ੍ਰੋਜੈਕਟ ਤੇ 60:40 ਦੇ ਅਨੁਪਾਤ ਅਨੁਸਾਰ ਫੰਡ ਮੁਹੱਈਆ ਕਰਵਾਏ ਜਾਣਗੇ। ਜਿਸ ਵਿਚ 60% ਭਾਰਤ ਸਰਕਾਰ ਅਤੇ 40% ਰਾਜ ਸਰਕਾਰ ਵਲੋਂ ਦਿੱਤੇ ਜਾਣਗੇ।ਇਸ ਨੂੰ ਮੁੱਖ ਰੱਖਦੇ ਹੋਏ ਇਸ ਦਾ ਰਫ ਕਾਸਟ ਤਖਮੀਨਾ 1,18,95,510/- ਦਾ ਤਿਆਰ ਕੀਤਾ ਗਿਆ ਸੀ। ਜਿਸ ਸਬੰਧੀ ਇਸ ਦਫਤਰ ਵਲੋ ਮਤਾ ਨੰਬਰ 164 ਮਿਤੀ 04.07.2022 ਪ੍ਰਵਾਨ ਕੀਤਾ ਗਿਆ ਸੀ। ਇੱਥੇ ਦੱਸਣਯੋਗ ਹੈ ਕਿ ਮਹੀਨਾਵਾਰ ਬਣਦੇ ਬਿੱਲ ਦੀ ਅਦਾਇਗੀ ਨਗਰ ਨਿਗਮ ਵਲੋਂ ਕੀਤੀ ਜਾਵੇਗੀ। **ਇਸ ਸਬੰਧੀ ਡਾਇਰੈਕਟਰ, ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ ਜੀ ਵਲੋ ਸਹਾਇਕ ਕਮਿਸ਼ਨਰ, ਨਗਰ ਨਿਗਮ ਹੁਸ਼ਿਆਰਪੁਰ ਜੀ ਨੂੰ ਚੰਡੀਗੜ੍ਹ ਵਿਖੇ ਮੀਟਿੰਗ ਲਈ ਬੁਲਾਇਆ ਗਿਆ, ਜਿਸ ਵਿੱਚ ਇਸ ਮਤੇ ਦੀ ਸੋਧ ਕਰਨ ਲਈ ਕਿਹਾ ਗਿਆ।**

ਇੱਥੇ ਇਹ ਦੱਸਣ ਯੋਗ ਹੋਵੇਗਾ ਕਿ ਜਨਰਲ ਮੈਨੇਜਰ (ਪੀ), ਪੀ.ਐਮ.ਆਈ.ਡੀ.ਸੀ. ਵਲੋ ਪ੍ਰਾਪਤ ਹੋਏ ਪੱਤਰ ਮੁਤਾਬਿਕ ਪ੍ਰੋਜੈਕਟ ਸਬੰਧੀ ਨਿਰਭੈ ਫੰਡ ਅਧੀਨ ਔਰਤਾਂ ਦੀ ਸੁਰਖਿਆ ਲਈ ਨਗਰ ਨਿਗਮ ਹੁਸ਼ਿਆਰਪੁਰ ਦੀ ਹਦੂੱਦ ਅੰਦਰ 100 ਕੈਮਰੇ (80 fixed + 20PTZ) ਲਗਾਏ ਜਾਣ ਦੀ ਤਜਵੀਜ ਹੈ। Surveillance ਕੈਮਰੇ ਜਿਨਾ ਦੀ ਕੁੱਲ ਲਾਗਤ 4,64,79,818/- ਰੁਪਏ (capex+opex) ਸਰਕਾਰ ਵਲੋ ਹੀ ਨਿਰਧਾਰਿਤ ਕੀਤੀ ਗਈ ਹੈ। ਪੀ.ਐਮ.ਆਈ.ਡੀ.ਸੀ. ਵਲੋ ਇਸ ਰਕਮ ਮੁਤਾਬਿਕ ਮਤੇ ਨੂੰ ਸੋਧ ਕੇ ਮੁੜ ਹਾਉਸ ਦੀ ਪ੍ਰਵਾਣਗੀ ਨਾਲ ਮਤਾ ਭੇਜਣ ਦੀ ਹਦਾਇਤ ਕੀਤੀ ਗਈ ਹੈ। ਸਮੁੱਚੇ ਮਾਮਲੇ ਨੂੰ ਹਾਊਸ ਦੀ ਮੀਟਿੰਗ ਵਿਚ ਵਿਚਾਰਨ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

23) **11 ਕੇਵੀ ਲਾਈਨ / ਐਲ ਟੀ ਲਾਈਨ / ਸਰਵਿਸ ਪੋਲ /ਟਰਾਂਸਫਾਰਮਰ/ ਟਿਊਵੈਲ/ਪਿਲਰ ਬਾਕਸ ਸਿਫ਼ਟ ਕਰਨ ਦੇ ਸਬੰਧ ਵਿੱਚ ਤਖਮੀਨੇ ਦੀ ਰਕਮ ਜਮ੍ਹਾਂ ਕਰਵਾਉਣ ਸਬੰਧੀ।**

**ਰਿਪੋਰਟ ਜੂਨੀਅਰ ਇੰਜੀਨੀਅਰ ਸਮੇਤ ਸਿਫਾਰਸ਼ ਨਿਗਮ ਇੰਜੀਨੀਅਰ ਕਿ** ਨਗਰ ਨਿਗਮ, ਹੁਸ਼ਿਆਰਪੁਰ ਵਲੋਂ ਪੱਤਰ ਰਾਹੀਂ ਸ਼ਹੀਦ ਭਗਤ ਸਿੰਘ ਚੌਂਕ ਦੀਆਂ ਤਾਰਾ ਸਿਫ਼ਟ ਕਰਨ ਲਈ ਲਿਖਿਆ ਹੋਇਆ ਸੀ। ਸਹਾ: ਕਾ: ਕਾ: ਇੰਜੀ. /ਸੰਚਾਲਨ ਸਿਵਲ ਲਾਈਨ ਸ/ਡ ਹੁਸ਼ਿਆਰਪੁਰ ਜੀ ਦੇ ਮੀਮੋ ਨੰ: 492 ਮਿਤੀ 28.02.2023 ਰਾਹੀਂ 11 ਕੇਵੀ ਲਾਈਨ / ਐਲ ਟੀ ਲਾਈਨ / ਸਰਵਿਸ ਪੋਲ / ਟਰਾਂਸਫਾਰਮਰ/ ਟਿਊਵੈਲ / ਪਿਲਰ ਬਾਕਸ ਸਿਫ਼ਟ ਕਰਨ ਦਾ ਤਖਮੀਨਾ ਰੁਪਏ 1,05,542/- ਪ੍ਰਾਪਤ ਹੋਇਆ ਹੈ।ਇਹ ਕੰਮ ਬਹੁਤ ਹੀ ਜਰੂਰੀ ਹੀ ਨੇਚਰ ਦਾ ਅਤੇ ਲੋਕ ਹਿੱਤ ਵਿੱਚ ਹੈ।ਇਸ ਲਈ ਜੇਕਰ ਪ੍ਰਵਾਨ ਹੋਵੇ ਤਾਂ ਵਿਸ਼ਾ ਅੰਕਿਤ ਕੰਮ ਨੂੰ ਮੁਕੰਮਲ ਕਰਵਾਉਣ ਲਈ ਪ੍ਰਾਪਤ ਹੋਏ ਤਖਮੀਨੇ ਦੀ ਰਕਮ ਕੁੱਲ 1,05,542/- ਰੁਪਏ ਮਹਿਕਮਾ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮੀਟਡ, ਸਹਾ:ਕਾ:ਕਾ: ਇੰਜੀ:/ਸੰਚਾਲਨ ਸਿਵਲ ਲਾਈਨ ਸ/ਡ ਹੁਸ਼ਿਆਰਪੁਰ ਨੂੰ ਭੇਜਣ ਹਿੱਤ ਲੇਖਾ ਸ਼ਾਖਾ ਨੂੰ ਹਦਾਇਤ ਕਰਨੀ ਯੋਗ ਹੋਵੇਗੀ। **ਕੰਮ ਦੀ ਤੱਤਪਰਤਾ ਨੂੰ ਦੇਖਦੇ ਹੋਏ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਉਕਤ ਰਕਮ ਸਬੰਧਤ ਮਹਿਕਮੇ ਨੂੰ ਭੇਜ ਦਿੱਤੀ ਗਈ ਹੈ। ਹਾਊਸ ਦੀ ਸੂਚਨਾਂ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।**

24) **ਸੀਵਰ ਪਾਈਪ ਬੰਦ ਹੋਣ ਸਬੰਧੀ।**

**ਰਿਪੋਰਟ ਜੂਨੀਅਰ ਇੰਜੀਨੀਅਰ ਸਮੇਤ ਸਿਫਾਰਸ਼ ਨਿਗਮ ਇੰਜੀਨੀਅਰ ਕਿ** ਸੈਨੇਟਰੀ ਸ਼ਾਖਾ ਵਲੋਂ ਭੰਗੀ ਚੋਅ ਦੇ ਨੇੜੇ ਸ਼ਰਾਬ ਦੇ ਠੇਕੇ ਕੋਲ ਸੀਵਰ ਪਾਈਪ ਦੀ ਹਾਲਤ ਖ਼ਸਤਾ ਹੋਣ ਸਬੰਧੀ ਰਿਪੋਰਟ ਕੀਤੀ ਗਈ ਹੈ ਅਤੇ ਇਸ ਜਗ੍ਹਾ ਦੇ ਨਵੀਂ ਸੀਵਰੇਜ਼ ਪਾਈਪ ਪਾਉਣ ਲਈ ਲਿਖਿਆ ਗਿਆ ਹੈ। ਇਸ ਜਗ੍ਹਾ ਦਾ ਮੌਕੇ ਸਬੰਧਤ ਸਟਾਫ ਨੂੰ ਨਾਲ ਲੈ ਕੇ ਵੇਖਿਆ ਗਿਆ ਹੈ। ਮੌਕੇ ਤੇ ਸੀਵਰੇਜ਼ ਦੀ ਕੋਈ ਵੀ ਸਮੱਸਿਆ ਨਹੀ ਹੈ। ਮੌਕੇ ਤੇ ਡਰੇਨੇਜ਼ ਦੀ ਸਮੱਸਿਆ ਹੈ। ਇਸ ਜਗ੍ਹਾ ਤੇ ਆਮ ਦੁਕਾਨਦਾਰਾਂ ਵਲੋਂ ਰੈਂਪ ਆਦਿ ਬਣਾ ਕੇ ਡਰੇਨ ਸਿਸਟਮ ਨੂੰ ਬੰਦ ਕੀਤਾ ਹੋਇਆ ਹੈ ਅਤੇ ਇਸ ਦੀ ਨਿਕਾਸੀ ਨਹੀ ਹੋਣ ਕਾਰਨ ਡਰੇਨ ਦਾ ਪਾਣੀ ਅਤੇ ਸਿਲਟ ਸੜਕ ਦੇ ਦੁਆਲੇ ਪਈ ਹੈ। ਇਸ ਲਈ ਇਨਾਂ ਰੈਂਪਾਂ ਨੂੰ ਤੋੜ ਕੇ ਰੋਡ ਗਲੀਆਂ ਅਤੇ ਪਾਈਪ ਲਾਈਨ ਪਾਉਣ ਸਬੰਧੀ ਅਨੁਮਾਨਤ ਲਾਗਤ 3.70 ਲੱਖ ਦਾ ਤਖਮੀਨਾ ਤਿਆਰ ਕੀਤਾ ਗਿਆ ਹੈ। ਸਬੰਧਤ ਤਖਮੀਨਾ ਨਗਰ ਨਿਗਮ ਦੀ ਮੀਟਿੰਗ ਵਿੱਚ **ਵਿਚਾਰਨ** ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

25) **ਛੱਤਾ ਬਜਾਰ ਵਾਰਡ ਨੰ: 38 ਵਿਖੇ ਸੀਵਰੇਜ ਦੀਆਂ ਪਾਈਪਾ ਰਿਪੇਅਰ ਕਰਨ ਸਬੰਧੀ।**

ਰਿਪੋਰਟ ਜੂਨੀਅਰ ਇੰਜੀਨੀਅਰ ਸਮੇਤ ਸਿਫਾਰਸ਼ ਨਿਗਮ ਇੰਜੀਨੀਅਰ ਕਿ ਮੁਹੱਲਾ ਛੱਤਾ ਬਜਾਰ ਦੀਆਂ ਸੀਵਰ **ਲਾਈਨਾਂ ਜੋ ਕਿ ਲਗਭਗ 30-40 ਸਾਲ ਪੁਰਾਣੀਆਂ ਹਨ ਅਤੇ ਕਈ ਜਗ੍ਹਾ ਤੋਂ ਬੈਠ ਗਈਆ ਹਨ, ਸੀਵਰਮੈਨਾਂ ਵਲੋਂ ਕਈ ਵਾਰ ਇਹਨਾਂ ਲਾਈਨਾਂ ਨੂੰ ਚਲਾਉਣ ਦੀ ਕੋਸ਼ਿਸ਼ ਕੀਤੀ ਗਈ ਪਰ ਇਹ ਲਾਈਨਾਂ ਨਹੀਂ ਚੱਲ ਰਹੀਆਂ ਹਨ ਉੱਚਿਤ ਹੋਵੇਗਾ ਕਿ ਇਹ ਸੀਵਰ ਲਾਈਨਾਂ ਪੁੱਟ ਕੇ ਨਵੀਆਂ ਸੀਵਰ ਲਾਈਨਾਂ ਪਾ ਦਿੱਤੀਆ ਜਾਣ। ਸਬੰਧਤ ਕੌਂਸਲਰ ਅਤੇ ਮੁਹੱਲਾ ਨਿਵਾਸੀਆਂ ਵਲੋਂ ਇਹ ਸੀਵਰ ਲਾਈਨਾਂ ਅਕਸਰ ਬੰਦ ਰਹਿਣ ਸਬੰਧੀ ਸ਼ਿਕਾਇਤ ਕੀਤੀਆਂ ਜਾਂਦੀਆ ਹਨ ਅਤੇ ਬਦਲਣ ਦੀ ਮੰਗ ਕੀਤੀ ਜਾਂਦੀ ਹੈ, ਮੌਕੇ ਤੇ 65 ਮੀਟਰ ਪਾਈਪ ਬਦਲੀ ਜਾਣੀ ਹੈ, ਪਾਈਪ ਲਾਈਨ ਬਦਲੀ ਕਰਨ, ਰੋਡ ਗਲੀਆਂ ਬਣਾਉਣ ਅਤੇ ਗਲੀ ਦੀ ਰੈਸਟੋਰੇਸ਼ਨ ਦੇ ਕੰਮ ਤੇ ਲਗਭਗ 3.18 ਲੱਖ ਰੁਪਏ ਖਰਚ ਆਉਣ ਦੀ ਸੰਭਾਵਨਾ ਹੈ। ਸਬੰਧਤ ਖਰਚ ਦੇ ਅਧਿਕਾਰ ਸਿਰਫ ਹਾਊਸ ਪਾਸ ਹੈ। ਉਕਤ ਕੰਮ ਕਰਵਾਉਣ ਅਤੇ ਆਉਣ ਵਾਲੇ ਖਰਚੇ ਸਬੰਧੀ ਮਾਮਲਾ** ਨਗਰ ਨਿਗਮ ਦੀ ਮੀਟਿੰਗ ਵਿੱਚ **ਵਿਚਾਰਨ** ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

26) **ਬਾਬਤ ਕੰਮ ''ਕੰਸਟਰਕਸ਼ਨ ਆਫ ਕਲਾਸ ਰੂਮ ਇੰਨ ਐਸ.ਡੀ. ਕਾਲਜ, ਹੁਸ਼ਿਆਰਪੁਰ'', ਐਮ.ਪੀ. ਲੈਡ ਸਕੀਮ ਅਨੁਮਾਨਤ ਲਾਗਤ ਰੁਪਏ 5.25 ਲੱਖ ਸਬੰਧੀ।**

**ਰਿਪੋਰਟ ਜੂਨੀਅਰ ਇੰਜੀਨੀਅਰ ਸਮੇਤ ਸਿਫਾਰਸ਼ ਨਿਗਮ ਇੰਜੀਨੀਅਰ ਕਿ** ਉਪ ਅਰਥ ਅਤੇ ਅੰਕੜ੍ਹਾ ਸਲਾਹਕਾਰ, ਹੁਸ਼ਿਆਰਪੁਰ ਜੀ ਦੀ ਮੰਗ ਅਨੁਸਾਰ ਦਫਤਰ ਵਲੋ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਤਿਆਰ ਕਰਕੇ ਭੇਜਿਆ ਗਿਆ ਸੀ, ਜਿਸ ਸਬੰਧੀ ਰੁਪਏ 5.25 ਲੱਖ ਦੀ ਗਰਾਂਟ ਇਸ ਦਫਤਰ ਵਿਖੇ ਪ੍ਰਾਪਤ ਹੋ ਗਈ ਹੈ। ਇਸ ਕੰਮ ਦਾ ਟੈਂਡਰ ਕਾਲ ਕਰਨ ਲਈ, ਪ੍ਰਸ਼ਾਸ਼ਕੀ ਪ੍ਰਵਾਣਗੀ ਪ੍ਰਾਪਤ **ਕੀਤੀ ਜਾਣੀ ਯੋਗ ਹੋਵੇਗੀ।** ਇੱਥੇ ਇਹ ਦੱਸਿਆ ਜਾਂਦਾ ਹੈ ਕਿ ਇਹ ਕੰਮ ਗਰਾਂਟ ਨਾਲ ਸਬੰਧਤ ਹੈ ਅਤੇ ਜਲਦੀ ਕਰਵਾਇਆ ਜਾਣਾ ਜਰੂਰੀ ਹੈ। **ਕੰਮ ਦੀ ਤੱਤਪਰਤਾ ਨੂੰ ਦੇਖਦੇ ਹੋਏ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਟੈਂਡਰ ਲਗਾਇਆ ਗਿਆ ਹੈ ਸਮੁੱਚਾ ਮਾਮਲਾ ਹਾਊਸ ਦੀ ਮੀਟਿੰਗ** ਵਿੱਚ **ਵਿਚਾਰਨ** ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।

27) **<u>Notice Regarding introduction/ usage of smart prepaid meter for government connections.</u>**

**ਰਿਪੋਰਟ ਜੂਨੀਅਰ ਇੰਜੀਨੀਅਰ ਸਮੇਤ ਸਿਫਾਰਸ਼ ਨਿਗਮ ਇੰਜੀਨੀਅਰ** ਕਿ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ **ਵਲੋਂ** ਮੀਮੋ ਨੰ: 142,144,145,146 ਅਤੇ 147 ਮਿਤੀ 10.02.2023 **ਰਾਹੀਂ ਸੂਚਿਤ ਕੀਤਾ ਗਿਆ ਕਿ** Regulation no. 21 of supply code- 2014, ਅਨੁਸਾਰ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿ: ਵਲੋਂ ਸਰਕਾਰੀ ਕੁਨੈਕਸ਼ਨਾਂ ਵਾਸਤੇ ਪ੍ਰੀ-ਪੇਡ ਮੀਟਰ ਲਗਾਉਣ ਦਾ ਫੈਸਲਾ ਕੀਤਾ ਹੈ। ਇਹ ਸਕੀਮ ਮਿਤੀ 01.03.2023 ਤੋਂ **ਸ਼ੁਰੂ ਹੋ ਗਈ ਹੈ।** ਇਸ ਮੰਤਵ ਲਈ ਉਨਾਂ ਵਲੋਂ ਸਲਾਹ ਦਿੱਤੀ ਗਈ ਹੈ ਕਿ ਕਿਉਂਜੋ ਇਨਾਂ ਪ੍ਰੀ-ਪੇਡ ਮੀਟਰਾਂ ਦੇ ਕੁਨੈਕਸ਼ਨ ਲਈ ਅਡਵਾਂਸ ਪੇਮੈਂਟ ਕੀਤੀ ਜਾਣੀ ਹੈ, ਇਸ ਲਈ ਸਰਕਾਰੀ ਵਿਭਾਗ ਆਪਣੇ ਪੱਧਰ ਤੇ ਇੱਕ ਅਕਾਊਂਟਿੰਗ ਸਿਸਟਮ ਤਿਆਰ ਕਰ **ਲੈਣ** ਇਸ ਤੋਂ ਇਲਾਵਾ ਵਿਭਾਗ ਵਲੋਂ ਹਰੇਕ ਕੁਨੈਕਸ਼ਨ ਵਾਸਤੇ ਇੱਕ ਨੋਡਲ ਅਫਸਰ ਵੀ ਨਿਯੁਕਤ ਕਰਕੇ ਉਸ ਦਾ ਮੋਬਾਇਲ ਨੰਬਰ ਅਤੇ ਈ.ਮੇਲ.ਆਈ.ਡੀ. ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿ: ਦੇ ਡਾਟਾਬੇਸ ਨਾਲ ਰਜਿਸਟਰ ਕੀਤਾ **ਜਾਵੇ**, ਇਸ ਤੋਂ ਇਲਾਵਾ ਉਨਾਂ ਵਲੋਂ ਇਹ ਵੀ ਸਲਾਹ ਦਿੱਤੀ ਗਈ ਹੈ ਕਿ ਸਬੰਧਤ ਖਾਤੇ ਦੇ ਪਿਛਲੇ ਸਾਲ ਦੇ ਬਿੱਲ ਦੇ ਬਰਾਬਰ ਘੱਟੋ ਘੱਟ ਇੱਕ ਮਹੀਨੇ ਦੇ ਅਡਵਾਂਸ ਵਜੋਂ ਰੀਚਾਰਜ ਕਰ ਲਿਆ ਜਾਵੇ, ਤਾਂ ਜ਼ੋ ਬਿਜਲੀ ਦੀ ਸਪਲਾਈ ਦੇ ਕੁਨੈਕਸ਼ਨ ਕੱਟ ਹੋਣ ਤੋਂ ਬਚਿਆ ਜਾ ਸਕੇ। **ਇੱਥੇ ਦੱਸਣਯੋਗ ਹੈ ਕਿ ਸਿੰਗਲ ਫੇਜ ਮੀਟਰ ਦੀ ਕੀਮਤ 2100/- ਰੁਪਏ ਥ੍ਰੀ ਫੇਜ ਮੀਟਰ ਦੀ ਕੀਮਤ 3531/- ਰੁਪਏ ਹੈ ਅਤੇ ਇਸ ਰਕਮ ਵਿਚ ਜੀ.ਐਸ.ਟੀ ਦੀ ਰਕਮ ਸ਼ਾਮਿਲ ਹੈ।** ਸਿਫਾਰਿਸ਼ ਕੀਤੀ ਜਾਂਦੀ ਹੈ ਕਿ ਬਿਜਲੀ ਦੇ ਅਡਵਾਂਸ ਬਿੱਲਾਂ ਸਬੰਧੀ ਨਗਰ ਨਿਗਮ ਦੇ ਪੱਧਰ ਤੇ ਕੋਈ ਪਾਲਿਸੀ ਸਮੇਂ ਸਿਰ ਤਿਆਰ ਕਰ ਲਈ ਜਾਵੇ, **ਸਮੁੱਚਾ ਮਾਮਲਾ ਹਾਊਸ ਦੀ ਮੀਟਿੰਗ ਵਿਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ਼ ਹੈ ਜੀ।**

28) **<u>ਧੋਬੀ ਘਾਟ ਚੌਂਕ (ਸ਼ਕਤੀ ਨਗਰ) ਤੋਂ ਬਹਾਦਰਪੁਰ ਚੌਂਕ ਤੱਕ ਵਾਟਰ ਸਪਲਾਈ ਲਾਈਨ ਪਾਉਣ ਅਤੇ ਸੀਵਰੇਜ਼ ਦੀ ਮੁਰੰਮਤ ਦਾ ਕੰਮ ਕਰਨ ਸਬੰਧੀ।</u>**

**ਰਿਪੋਰਟ ਜੂਨੀਅਰ ਇੰਜੀਨੀਅਰ ਸਮੇਤ ਸਿਫਾਰਸ਼ ਨਿਗਮ ਇੰਜੀਨੀਅਰ** ਕਿ ਮਹਿਕਮਾ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ, ਹੁਸ਼ਿਆਰਪੁਰ ਵਲੋਂ ਧੋਬੀ ਘਾਟ ਚੌਂਕ (ਸ਼ਕਤੀ ਨਗਰ) ਤੋਂ ਬਹਾਦਰਪੁਰ ਚੌਂਕ ਤੱਕ ਵਾਟਰ ਸਪਲਾਈ ਲਾਈਨ ਪਾਉਣ ਅਤੇ ਸੀਵਰੇਜ਼ ਦੀ ਮੁਰੰਮਤ ਦਾ ਤਖਮੀਨਾ ਮੰਗਵਾਉਣ ਲਈ ਨਗਰ ਨਿਗਮ **ਵਲੋਂ** ਪੱਤਰ ਨੰ : 1516 ਮਿਤੀ 09.05.2023 ਰਾਹੀ ਲਿਖਿਆ ਗਿਆ ਸੀ।ਇਸ ਸਬੰਧ ਵਿੱਚ ਮਹਿਕਮਾ ਸੀਵਰੇਜ਼ ਬੋਰਡ ਵੱਲੋਂ ਤਖਮੀਨਾ ਰਾਸ਼ੀ 8.00 ਲੱਖ ਦੀ ਮੰਗ ਕੀਤੀ ਗਈ ਹੈ।ਇਸ ਲਈ ਵਿਸ਼ੇ ਅਧੀਨ ਕੰਮ ਦੇ ਤਖਮੀਨੇ ਦੀ ਲਾਗਤ ਦੀ ਅਦਾਇਗੀ **ਸਬੰਧਤ ਮਹਿਕਮੇ ਨੂੰ ਕਰਨ** ਦਾ ਮਾਮਲਾ ਨਗਰ ਨਿਗਮ ਦੀ ਮੀਟਿੰਗ **ਵਿਚ ਵਿਚਾਰਨ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।**

29) **<u>Estimate for replacement of damage sewer line near Babu Hotel Wali Gali, Ward No. 2 Hoshiarpur Town Distt Hoshiarpur. (Deposit Work)</u>**

**ਰਿਪੋਰਟ ਜੂਨੀਅਰ ਇੰਜੀਨੀਅਰ ਸਮੇਤ ਸਿਫਾਰਸ਼ ਨਿਗਮ ਇੰਜੀਨੀਅਰ** ਕਿ ਨਗਰ ਨਿਗਮ ਹੁਸ਼ਿਆਰਪੁਰ ਵੱਲੋਂ ਮਹਿਕਮਾ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਡਵੀਜ਼ਨ ਹੁਸ਼ਿਆਰਪੁਰ ਨੂੰ ਪੱਤਰ ਨੰ. 197 ਮਿਤੀ: 18.01.2023 ਰਾਹੀਂ ਵਾਰਡ ਨੰ. 2 ਨੇੜੇ **ਬੱਬੂ** ਹੋਟਲ ਵਿਖੇ ਡੈਮੇਜ਼ ਹੋਈ ਸੀਵਰ ਲਾਈਨ ਨੂੰ ਬਦਲਣ ਦਾ ਤਖਮੀਨਾ ਤਿਆਰ ਕਰਕੇ **ਇਸ** ਦਫ਼ਤਰ ਵਿਖੇ ਭੇਜਣ ਲਈ ਲਿਖਿਆ ਗਿਆ ਸੀ।ਮਹਿਕਮਾ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਡਵੀਜ਼ਨ ਹੁਸ਼ਿਆਰਪੁਰ ਵਲੋਂ ਵਿਸ਼ੇ ਅੰਕਿਤ ਕੰਮ ਨੂੰ ਕਰਵਾਉਣ ਤੇ ਆਉਣ ਵਾਲੀ ਲਾਗਤ ਦਾ **<u>ਕੁੱਲ 7.77 ਲੱਖ ਰੁਪਏ</u>** ਦਾ ਤਖਮੀਨਾ ਪੱਤਰ ਨੰ: 377 ਮਿਤੀ: 07.02.2023 ਰਾਹੀਂ ਤਿਆਰ ਕਰਕੇ **ਇਸ ਦਫਤਰ ਨੂੰ ਭੇਜਿਆ ਗਿਆ ਹੈ। ਸਬੰਧਤ** ਕੰਮ ਕਰਵਾਉਣ ਲਈ **ਤਖਮੀਨੇ ਦੀ ਰਾਸ਼ੀ ਸਬੰਧਤ ਮਹਿਕਮੇ ਨੂੰ ਕਰਨ** ਦਾ ਮਾਮਲਾ ਨਗਰ ਨਿਗਮ ਦੀ ਮੀਟਿੰਗ **ਵਿਚ ਵਿਚਾਰਨ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।**

30) **<u>Detailed Project for Providing & Laying Rising main, Construction of IPS and Restoration of Road from Shimla Pahari to Bahadurpur Chowk at Hoshiarpur Town (Deposit Work).</u>**

**ਰਿਪੋਰਟ ਜੂਨੀਅਰ ਇੰਜੀਨੀਅਰ ਸਮੇਤ ਸਿਫਾਰਸ਼ ਨਿਗਮ ਇੰਜੀਨੀਅਰ ਕਿ** ਮਾਨਯੋਗ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਜੀ ਵੱਲੋਂ ਦਿੱਤੀਆਂ ਗਈਆਂ ਹਦਾਇਤਾਂ ਨੂੰ ਮੁੱਖ ਰੱਖਦੇ ਹੋਏ ਬਰਸਾਤ ਦੇ ਦਿਨਾਂ ਵਿੱਚ ਸ਼ਿਮਲਾ ਪਹਾੜੀ ਅਤੇ ਇਸ ਦੇ ਆਲੇ-ਦੁਆਲੇ ਦੇ **ਇਲਾਕਿਆ ਵਿਚ** ਇਕੱਠਾ ਹੋਣ ਵਾਲੇ ਬਰਸਾਤੀ ਪਾਣੀ ਦੀ ਨਿਕਾਸੀ ਦਾ ਪ੍ਰੋਜੈਕਟ ਤਿਆਰ ਕਰਨ ਲਈ ਮਹਿਕਮਾ ਪੰਜਾਬ

ਵਾਟਰ ਸਪਲਾਈ ਅਤੇ ਸੀਵਰੇਜ਼ ਡਵੀਜ਼ਨ ਹੁਸ਼ਿਆਰਪੁਰ ਨੂੰ ਪੱਤਰ ਨੰ. 554/ਸੀ.ਈ. ਮਿਤੀ: 16.02.2023 ਰਾਹੀਂ ਲਿਖਿਆ ਗਿਆ ਸੀ। ਮਹਿਕਮੇ ਵੱਲੋਂ ਉਕਤ ਕੰਮ ਦਾ **ਕੁੱਲ 2.03 ਕਰੋੜ** ਰੁਪਏ ਦਾ ਤਖਮੀਨਾ ਤਿਆਰ ਕਰਕੇ ਪੱਤਰ ਨੰ. 708 ਮਿਤੀ: 21/02/2023 ਰਾਹੀਂ ਇਸ ਦਫ਼ਤਰ ਨੂੰ ਭੇਜਿਆ ਗਿਆ ਹੈ**। ਉਕਤ ਕੰਮ ਕਰਵਾਉਣ ਅਤੇ ਤਖਮੀਨੇ ਦੀ ਰਾਸ਼ੀ ਫੰਡਾਂ ਦੀ ਉਪਲੱਬਧਤਾ ਅਨੁਸਾਰ ਸਬੰਧਤ ਮਹਿਕਮੇ ਨੂੰ ਭੇਜਣ** ਦਾ ਮਾਮਲਾ ਨਗਰ ਨਿਗਮ ਦੀ ਮੀਟਿੰਗ **ਵਿਚ ਵਿਚਾਰਨ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।**

31) **<u>Estimate for Operation & Maintenance of sewerage Treatment Plant (30MLD) and Main Pumpimg Station (86MLD) Hoshiarpur Town for the Year 2023-24 (01-04-2023 to 31-03-2024)</u>**

**ਰਿਪੋਰਟ ਜੂਨੀਅਰ ਇੰਜੀਨੀਅਰ ਸਮੇਤ ਸਿਫਾਰਸ਼ ਨਿਗਮ ਇੰਜੀਨੀਅਰ ਕਿ** ਮਹਿਕਮਾ ਪੰਜਾਬ ਵਾਟਰ **ਸਪਲਾਈ** ਅਤੇ ਸੀਰਵੇਜ਼ ਬੋਰਡ, ਹੁਸ਼ਿਆਰਪੁਰ ਵੱਲੋਂ ਸੀਵਰੇਜ਼ ਟ੍ਰੀਟਮੈਂਟ ਪਲਾਂਟ ਅਤੇ ਮੇਨ ਪੰਪਿੰਗ ਸਟੇਸ਼ਨ ਦੀ ਸਲਾਨਾ ਮੇਂਟੀਨੈਂਸ ਦਾ ਸਾਲ 2023-24 ਦਾ ਕੁੱਲ 125.29 ਲੱਖ ਰੁਪਏ ਦਾ ਤਖਮੀਨਾ ਪੱਤਰ ਨੰ: 804 ਮਿਤੀ 06.04.2023 ਰਾਹੀਂ ਤਿਆਰ ਕਰਕੇ ਭੇਜਿਆ ਗਿਆ ਹੈ। ਇਸ ਤਖਮੀਨੇ ਦੀ ਰਾਸ਼ੀ ਨਾਲ ਸਾਲ 2023-24 ਦੌਰਾਨ ਸੀਵਰੇਜ਼ ਟ੍ਰੀਟਮੈਂਟ ਪਲਾਂਟ ਅਤੇ ਮੇਨ ਪੰਪਿੰਗ ਸਟੇਸ਼ਨ ਦੀ ਮੇਂਟੀਨੈਂਸ ਕਰਵਾਈ ਜਾਣੀ ਹੈ। **ਉਕਤ ਕੰਮ ਕਰਵਾਉਣ ਅਤੇ ਤਖਮੀਨੇ ਦੀ ਰਾਸ਼ੀ ਸਬੰਧਤ ਮਹਿਕਮੇ ਨੂੰ ਭੇਜਣ** ਦਾ ਮਾਮਲਾ ਨਗਰ ਨਿਗਮ ਦੀ ਮੀਟਿੰਗ **ਵਿਚ ਵਿਚਾਰਨ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।**

32) **<u>The Status Report of CWP-11509-2010 Barjinder Singh Loomba v/s Union of India & Other ਦੇ ਸਬੰਧੀ।</u>**

**ਰਿਪੋਰਟ ਜੂਨੀਅਰ ਇੰਜੀਨੀਅਰ ਸਮੇਤ ਸਿਫਾਰਸ਼ ਨਿਗਮ ਇੰਜੀਨੀਅਰ ਕਿ** ਮਾਨਯੋਗ ਮੁੱਖ ਇੰਜੀਨੀਅਰ (ਟਰੱਸਟਾਂ/ਓ.ਐਂਡ.ਐਮ) ਸਥਾਨਕ ਸਰਕਾਰ ਦਾ ਪੱਤਰ ਨੰ. ਸੀ.ਈ-2023/20772-73 ਮਿਤੀ: 19/04/2023 ਰਾਹੀਂ ਪ੍ਰਾਪਤ ਹੋਇਆ ਹੈ ਜਿਸ ਵਿੱਚ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਲੋਂ ਗਰਾਂਊਡ ਵਾਟਰ ਵਿੱਚ Heavy Metal and radio active particles in the ground water ਦੇ ਮੁਦ ਸਬੰਧੀ ਸਟੇਟਸ ਰਿਪੋਰਟ ਪੇਸ਼ ਕਰਨ ਦੇ ਹੁਕਮ ਦਿੱਤੇ ਗਏ ਹਨ।ਇਸ ਸਬੰਧੀ ਮਾਨਯੋਗ ਪ੍ਰਮੁੱਖ ਸਕੱਤਰ, ਪਾਵਰ ਜੀ ਦੀ ਪ੍ਰਧਾਨਗੀ ਹੇਠ ਮੁੱਖ ਇੰਜੀਨੀਅਰ (ਟਰੱਸਟਾਂ/ਓ.ਐਂਡ.ਐਮ) ਮਿਤੀ 18.04.2023 ਨੂੰ ਪੰਜਾਬ ਸਿਵਲ ਸਕੱਤਰੇਤ-II ਸੈਕਟਰ-9, ਚੰਡੀਗੜ੍ਹ ਵਿਖੇ ਮੀਟਿੰਗ ਦੋਰਾਨ ਵਿਸ਼ੇ ਸਬੰਧੀ ਕੇਸ ਨੂੰ ਗੰਭੀਰਤਾ ਨਾਲ ਰੀਵਿਊ ਕੀਤਾ ਜਾਵੇ ਅਤੇ ਜਲਦ ਤੋਂ ਜਲਦ ਸਾਰੇ ਵਾਟਰ ਸੋਰਸੀਸ ਦੀ Heavy Metal and radio active particles in the ground water ਦੇ ਟੈਸਟ ਕਰਵਾ ਕੇ ਰਿਪੋਰਟ ਭੇਜਣ ਦੀ ਹਦਾਇਤ ਕੀਤੀ ਗਈ ਹੈ।ਇਸ ਕੇਸ ਸਬੰਧੀ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਖੇ ਅਗਲੀ ਸੁਣਵਾਈ ਮਿਤੀ 17.05.2023 ਨੂੰ ਸਮੇਂ ਨਿਸ਼ਚਿਤ ਕੀਤੀ ਗਈ ਹੈ।

ਉਪਰੋਕਤ ਵਿਸ਼ੇ ਸਬੰਧੀ ਦੱਸਿਆ ਜਾਂਦਾ ਹੈ ਕਿ ਨਗਰ ਨਿਗਮ,ਹੁਸ਼ਿਆਰਪੁਰ ਦੀ ਹਦੂਦ ਅੰਦਰ ਵਾਟਰ ਸੋਰਸੀਸ ਕੁੱਲ 98 ਟਿਊਬਵੈਲ ਹਨ।ਇਨ੍ਹਾਂ 98 ਵਿੱਚੋਂ 5 ਟਿਊਬਵੈਲਾਂ ਦੇ ਪਾਣੀ ਦੇ Heavy Metal and radio active articles in the ground water ਦੇ ਟੈਸਟਿੰਗ ਕਰਵਾਉਣ ਲਈ ਭੇਜ਼ੇ ਗਏ ਹਨ ਅਤੇ ਇਨ੍ਹਾਂ ਦੀ ਰਿਪੋਰਟ ਨਗਰ ਨਿਗਮ,ਹੁਸ਼ਿਆਰਪੁਰ ਨੂੰ ਪ੍ਰਾਪਤ ਨਹੀ ਹੋਈ ਹੈ।ਕੋਰਟ ਕੇਸ ਦਾ ਮਾਮਲਾ ਹੋਣ ਕਰਕੇ ਬਾਕੀ ਰਹਿੰਦੇ 93 ਟਿਊਬਵੈਲਾਂ ਦੇ ਵੀ Heavy Metal and radioactive particles in the ground water ਦੇ ਜਲਦ ਤੋਂ ਜਲਦ ਟੈਸਟਿੰਗ ਕਰਵਾਉਣਾਂ ਅਤਿ ਜਰੂਰੀ ਹਨ। ਇੱਕ ਪਾਣੀ ਦਾ ਸੈਂਪਲ ਕਰਵਾਉਣ ’ਤੇ 2580/- ਰੁਪਏ (ਹੈਵੀ ਮੈਟਲ= 2365/- ਰੁਪਏ ਅਤੇ ਰੇਡੀਓਐਕਟਿਵ= 215/- ਰੁਪਏ) ਖ਼ਰਚ ਆਉਣਾ ਹੈ (ਪ੍ਰਾਪਤ ਰੇਟ ਨਾਲ ਨੱਥੀ ਹਨ)।ਪ੍ਰੰਤੂ ਸਰਕਾਰ ਵਿਭਾਗ ਨੂੰ ਟੈਸਟਿੰਗ ਕਰਵਾਉਣ ਤੇ 50% ਛੋਟ ਹੈ। ਇਸ ਤਰ੍ਹਾ ਇੱਕ ਟਿਊਬਵੈਲ ਦੇ ਪਾਣੀ ਦੇ ਸੈਂਪਲ ਟੈਸਟਿੰਗ ਕਰਵਾਉਣ ਤੇ 1290/- ਰੁਪਏ ਖਰਚ ਆਉਣਾ ਹੈ। ਇਸ ਤਰ੍ਹਾ ਬਾਕੀ ਰਹਿੰਦੇ 93 ਟਿਊਂਬਵੈਲਾਂ ਤੇ 1,19,970/- ਰੁਪਏ ਖਰਚ ਆਉਣਾ ਹੈ।**ਕੰਮ ਦੀ ਤੱਤਪਰਤਾ ਨੂੰ ਦੇਖਦੇ ਹੋਏ ਹਾਊਸ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਉਕਤ ਕੰਮ ਕਰਵਾਇਆ ਗਿਆ ਹੈ ਸਮੁੱਚਾ ਮਾਮਲਾ ਹਾਊਸ ਦੀ ਸੂਚਨਾਂ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।**

33) **<u>Estimate for replacement of old sewer line in front of Gurudwara Sahib at Bahadurpur ward no. 2, 36 Distt. Hoshiarpur.</u>**

**ਰਿਪੋਰਟ ਜੂਨੀਅਰ ਇੰਜੀਨੀਅਰ ਸਮੇਤ ਸਿਫਾਰਸ਼ ਨਿਗਮ ਇੰਜੀਨੀਅਰ ਕਿ** ਮਹਿਕਮਾ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਡਵੀਜ਼ਨ ਹੁਸ਼ਿਆਰਪੁਰ ਦਾ ਪੱਤਰ ਨੰ. 1243 ਮਿਤੀ: 21.04.2023 ਇਸ ਦਫ਼ਤਰ ਦੇ ਰਸੀਟ ਨੰ. 842 ਮਿਤੀ: 26.04.2023 ਰਾਹੀਂ ਪ੍ਰਾਪਤ ਹੋਇਆ ਹੈ। ਉਨ੍ਹਾਂ ਵੱਲੋਂ ਦੱਸਿਆ ਗਿਆ ਹੈ ਕਿ ਉਨ੍ਹਾਂ ਦਾ ਮਾਨਯੋਗ ਮੇਅਰ ਸਾਹਿਬ ਨਗਰ ਨਿਗਮ ਹੁਸ਼ਿਆਰਪੁਰ ਨਾਲ ਹੋਏ ਜੁਬਾਨੀ ਵਿਚਾਰ-ਵਟਾਂਦਰੇ ਅਨੁਸਾਰ ਸ਼ਹਿਰ ਦੇ ਮੁਹੱਲਾ ਬਹਾਦਰਪੁਰ ਸਾਹਮਨੇ ਸ੍ਰੀ ਗੁਰੂਦੁਆਰਾ ਸਾਹਿਬ ਵਾਲੀ ਗਲੀ ਦੀ ਪੁਰਾਣੀ ਸੀਵਰ ਲਾਈਨ ਬੈਠ ਗਈ ਹੈ ਅਤੇ ਜਿਸ ਕਾਰਨ ਗਲੀ ਦਾ ਸੀਵਰ ਚੌਕ ਰਹਿੰਦਾ ਹੈ ਅਤੇ ਜਿਸ ਕਾਰਨ ਗਲੀ ਨਿਵਾਸੀਆਂ ਨੂੰ ਕਾਫੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਜਿਸ ਕਾਰਨ ਗਲੀ ਵਿੱਚ ਪੁਰਾਣੀ ਸੀਵਰ ਲਾਈਨ ਦੀ ਥਾਂ ਨਵੀਂ ਸੀਵਰ ਲਾਈਨ ਪਾਈ ਜਾਣੀ ਹੈ। ਇਸ ਕੰਮ ਨੂੰ ਕਰਵਾਉਣ ’ਤੇ ਆਉਣ ਵਾਲੇ ਖ਼ਰਚ **<u>ਕੁੱਲ 11.92 ਲੱਖ ਰੁਪਏ</u>** ਦਾ ਤਖਮੀਨਾ

ਉਕਤ ਦਰਸਾਏ ਪੱਤਰ ਰਾਹੀਂ ਮਹਿਕਮੇ ਵੱਲੋਂ ਤਿਆਰ ਕਰਕੇ ਭੇਜ਼ਿਆ ਗਿਆ ਹੈ। **ਉਕਤ ਕੰਮ ਕਰਵਾਉਣ ਅਤੇ ਤਖਮੀਨੇ ਦੀ ਰਾਸ਼ੀ ਸਬੰਧਤ ਮਹਿਕਮੇ ਨੂੰ ਭੇਜਣ** ਦਾ ਮਾਮਲਾ ਨਗਰ ਨਿਗਮ ਦੀ ਮੀਟਿੰਗ **ਵਿਚ ਵਿਚਾਰਨ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।**

34) **Revised estimate for Providing & Installing a New Tubewell size 250mm i/d straight with 250 mtr Depth with Reverse Rotary Rig at Ward No. 2 Mohalla Sukhiyabad, Hoshiarpur ਦੇ ਕੰਮ ਸਬੰਧੀ।**

**ਰਿਪੋਰਟ ਜੂਨੀਅਰ ਇੰਜੀਨੀਅਰ ਸਮੇਤ ਸਿਫਾਰਸ਼ ਨਿਗਮ ਇੰਜੀਨੀਅਰ ਕਿ** ਮੁਹੱਲਾ ਸੁਖੀਆਬਾਦ ਦੀ ਪਬਲਿਕ ਦੀ ਪੀਣ ਵਾਲੇ ਪਾਣੀ ਦੀ ਸਹੂਲਤ ਲਈ ਇਸ ਦਫ਼ਤਰ ਵੱਲੋਂ ਪੱਤਰ ਨੰ. 6826 ਮਿਤੀ: 30.09.2022 ਰਾਹੀਂ ਮਹਿਕਮਾ ਵਾਟਰ ਸਪਲਾਈ ਅਤੇ ਸੈਨੀਟੇਸ਼ਨ ਡਵੀਜ਼ਨ ਨੰਬਰ 1, ਹੁਸ਼ਿਆਰਪੁਰ ਨੂੰ ਇਸ ਕੰਮ ਦਾ ਤਖਮੀਨਾ ਤਿਆਰ ਕਰਕੇ ਭੇਜਣ ਲਈ ਲਿਖਿਆ ਗਿਆ। ਉਹਨਾਂ ਵਲੋਂ ਇਸ ਟਿਊਬਵੈੱਲ ਦਾ ਕੁੱਲ 26.51 ਲੱਖ ਰੁਪਏ ਦਾ ਰੱਫ ਕੌਸਟ ਤਖਮੀਨਾ ਤਿਆਰ ਕਰਕੇ ਪੱਤਰ ਨੰ: 6789 ਮਿਤੀ: 04.10.2022 ਰਾਹੀਂ ਇਸ ਦਫ਼ਤਰ ਵਿਖੇ ਭੇਜ਼ਿਆ ਗਿਆ ਸੀ।

ਕਿਓਂ ਜ਼ੋ ਉਸ ਸਮੇਂ ਟਿਊਬਵੈੱਲ ਲਗਾਉਣ ਲਈ ਢੁੱਕਵੀਂ ਜਗ੍ਹਾ ਪਾਪਤ ਨਹੀਂ ਹੋਈ ਸੀ ਪਰੰਤੂ ਹੁਣ ਇਸ ਟਿਊਬਵੈੱਲ ਨੂੰ ਲਗਾਉਣ ਦੀ ਜਗ੍ਹਾ ਪ੍ਰਾਪਤ ਹੋ ਗਈ ਹੈ। ਮਹਿਕਮਾ ਵਾਟਰ ਸਪਲਾਈ ਅਤੇ ਸੈਨੀਟੇਸ਼ਨ ਡਵੀਜ਼ਨ ਨੰਬਰ 1, ਹੁਸ਼ਿਆਰਪੁਰ ਵੱਲੋਂ ਵਿਸ਼ਾ ਅੰਕਿਤ ਟਿਊਬਵੈੱਲ ਨੂੰ ਲਗਾਉਣ ਦਾ ਦੁਬਾਰਾ ਤਖਮੀਨਾ ਪੱਤਰ ਨੰ. 144 ਮਿਤੀ: 09/01/2023 ਰਾਹੀਂ ਭੇਜਿਆ ਗਿਆ ਜਿਸ ਦੀ ਤਖਮੀਨਾ ਰਕਮ ਕੁੱਲ 36.92 ਲੱਖ ਰੁਪਏ ਹੈ।ਇਸ ਤਖਮੀਨੇ ਵਿੱਚ ਨਵਾਂ ਪੰਪ ਚੈਂਬਰ ਅਤੇ ਟਿਊਬਵੈੱਲ ਦੀ ਪਾਈਪ ਲਾਈ ਨੂੰ ਸ਼ਹਿਰ ਦੀ ਮੇਨ ਪਾਣੀ ਸਪਲਾਈ ਦੀ ਪਾਈਪ ਲਾਈਨ ਨਾਲ ਜ਼ੋੜਨ ਲਈ 300 ਮੀਟਰ ਪਾਈਪ ਲਾਈਨ ਪਾਈ ਜਾਣੀ ਹੈ। ਇੱਥੇ ਇਹ ਦੱਸਣ ਯੋਗ ਹੈ ਵਿਸ਼ਾ ਅੰਕਿਤ ਟਿਊਬਵੈੱਲ ਲਗਾਉਣ ਲਈ ਨਗਰ ਨਿਗਮ ਦੇ ਹਾਊਸ ਪਾਸੋਂ ਕੁੱਲ 27.60 ਲੱਖ ਰੁਪਏ ਦਾ ਮਤਾ ਨੰ.114 ਪ੍ਰਵਾਨ ਕੀਤਾ ਗਿਆ ਜਿਸ ਦੇ ਫੰਡ ਦੀ ਪ੍ਰਵਾਨਗੀ ਡਾਇਰੈਕਟਰ, ਸਥਾਨਕ ਸਰਕਾਰ ਵਿਭਾਗ ਪੰਜਾਬ, ਚੰਡੀਗੜ੍ਹ ਜੀ ਵੱਲੋਂ ਸਰਕਾਰ ਵੱਲੋਂ ਪੱਤਰ ਨੰ: ਸ5-ਡਸਸ-ਮਸਸ-2021/47384 ਮਿਤੀ: 02/12/2021 ਰਾਹੀਂ ਦੇ ਦਿੱਤੀ ਗਈ ਹੈ। ਵਿਸ਼ਾ ਅੰਕਿਤ ਟਿਊਬਵੈੱਲ ਦਾ ਕੰਮ ਮੁਕੰਮਲ ਕਰਵਾਉਣ ਲਈ ਨਵੀਂ ਤਖਮੀਨਾ ਰਾਸ਼ੀ ਰਕਮ ਕੁੱਲ 36.92 ਲੱਖ ਰੁਪਏ ਵਿੱਚੋਂ ਬਾਕੀ ਰਹਿੰਦੇ ਕੁੱਲ 9.32 ਲੱਖ ਰੁਪਏ ਫੰਡ ਦੇ ਖ਼ਰਚ ਦਾ ਮਾਮਲਾ ਨਗਰ ਨਿਗਮ ਦੀ ਆਉਣ ਵਾਲੀ ਹਾਊਸ ਦੀ ਮੀਟਿੰਗ ਦੀ ਪ੍ਰਵਾਨਗੀ ਹਿੱਤ ਰੱਖਿਆ ਜਾਣਾ ਯੋਗ ਹੋਵੇਗਾ ਜਿਸ ਦੀ ਪ੍ਰਵਾਨਗੀ ਮਿਲਣ ਉਪਰੰਤ ਵਿਸ਼ਾ ਅੰਕਿਤ ਟਿਊਬਵੈੱਲ ਦਾ ਕੰਮ ਮੁਕੰਮਲ ਕਰਵਾਉਣ ਲਈ ਮਹਿਕਮਾ ਵਾਟਰ ਸਪਲਾਈ ਅਤੇ ਸੈਨੀਟੇਸ਼ਨ ਡਵੀਜ਼ਨ ਨੰਬਰ 1, ਹੁਸ਼ਿਆਰਪੁਰ ਨੂੰ ਫੰਡ ਮੁਹੱਈਆ ਕਰਵਾਏ ਜਾਣਗੇ। **ਉਕਤ ਕੰਮ ਕਰਵਾਉਣ ਅਤੇ ਤਖਮੀਨੇ ਦੀ ਰਾਸ਼ੀ ਸਬੰਧਤ ਮਹਿਕਮੇ ਨੂੰ ਭੇਜਣ** ਦਾ ਮਾਮਲਾ ਨਗਰ ਨਿਗਮ ਦੀ ਮੀਟਿੰਗ **ਵਿਚ ਵਿਚਾਰਨ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।**

35) **Rough cost estimate for reboaring of Tubewells size 250mm i/d straight with 250 mtr Depth with Reverse Rotary Rig at 4 No. of Ward's, Hoshiarpur ਦੇ ਕੰਮ ਸਬੰਧੀ।**

**ਰਿਪੋਰਟ ਜੂਨੀਅਰ ਇੰਜੀਨੀਅਰ ਸਮੇਤ ਸਿਫਾਰਸ਼ ਨਿਗਮ ਇੰਜੀਨੀਅਰ ਕਿ** ਇਸ ਦਫਤਰ ਵੱਲੋਂ ਮਹਿਕਮਾ ਵਾਟਰ ਸਪਲਾਈ ਅਤੇ ਸੈਨੀਟੇਸ਼ਨ ਡਵੀਜ਼ਨ ਨੰ. 1 ਹੁਸ਼ਿਆਰਪੁਰ ਨੂੰ (1) ਵਾਰਡ ਨੰ: 31 ਮੁਹੱਲਾ ਸੈਂਟਰਲ ਟਾਊਨ, (2)ਵਾਰਡ ਨੰ: 45 ਮੁਹੱਲਾ ਬਸੀ ਜਾਂਨਾ, (3) ਵਾਰਡ ਨੰ:17 ਮੁੱਹਲਾ ਭੀਮ ਨਗਰ ਅਤੇ (4) ਵਾਰਡ ਨੰ:33 ਮੁੱਹਲਾ ਪ੍ਰੇਮਗੜ੍ਹ ਦੀ ਪਬਲਿਕ **ਨੂੰ** ਪੀਣ ਵਾਲੇ ਪਾਣੀ ਦੀ ਸਹੂਲਤ ਲਈ **ਟਿਊਬਵੈਲਾਂ ਦੇ ਰੀ-ਬੋਰ ਕਰਨ ਦੇ** ਤਖਮੀਨਾ ਤਿਆਰ ਕਰ ਕੇ ਭੇਜਣ ਲਈ ਕਿਹਾ ਗਿਆ ਸੀ। ਇਸ ਸਬੰਧੀ ਦੱਸਿਆ ਜਾਂਦਾ ਹੈ ਕਿ ਸਬੰਧਤ ਵਿਭਾਗ ਵੱਲੋਂ ਇਹਨਾਂ 4 ਟਿਊਬਵੈੱਲਾਂ ਦੇ ਤਖਮੀਨੇ ਤਿਆਰ ਕਰਕੇ ਭੇਜੇ ਗਏ ਹਨ।ਤਖਮੀਨਿਆ ਮੁਤਾਬਿਕ ਇਹਨਾਂ ਟਿਊਬਵੈੱਲਾਂ **ਨੂੰ ਰੀ-ਬੋਰ ਕਰਨ ਤੇ** ਲਗਭਗ 115.38 ਲੱਖ ਰੁਪਏ ਦਾ ਖ਼ਰਚ ਆਉਣਾ ਦੀ ਸੰਭਾਵਨਾ ਹੈ।

| ਲੜੀ ਨੰਬਰ | ਵਾਰਡ ਨੰਬਰ | ਤਖਮੀਨੇ ਦੀ ਲਾਗਤ | **ਜਿਹੜੇ ਟਿਊਬਵੈਲਾਂ ਦੇ ਵਿਰੁੱਧ ਰੀਬੋਰ ਕੀਤਾ ਜਾਣਾ ਹੈ।** |
|---|---|---|---|
| 1. | ਵਾਰਡ ਨੰ: 31 ਮੁਹੱਲਾ ਸੈਂਟਰਲ ਟਾਉਨ, ਹੁਸ਼ਿਆਰਪੁਰ | **28.62 ਲੱਖ** | ਗੋਰਿਮੰਟ ਕਾਲਜ ਚੌਂਕ ਟਿਊਬਵੈਲ |
| 2. | ਵਾਰਡ ਨੰ:45 ਮੁਹੱਲਾ ਬਸੀ ਜਾਂਨਾ, ਹੁਸ਼ਿਆਰਪੁਰ | **28.72 ਲੱਖ** | ਚੇਤਨਾ ਪਾਰਕ |
| 3. | ਵਾਰਡ ਨੰ:17 ਮੁੱਹਲਾ ਭੀਮ ਨਗਰ, ਹੁਸ਼ਿਆਰਪੁਰ | **28.82 ਲੱਖ** | ਸ਼ਮਸ਼ਾਨਘਾਟ (ਭੀਮ ਨਗਰ) |
| 4. | ਵਾਰਡ ਨੰ:33 ਮੁੱਹਲਾ ਪ੍ਰੇਮ ਗੜ੍ਹ, ਹੁਸ਼ਿਆਰਪੁਰ | **29.22 ਲੱਖ** | ਰਵਿਦਾਸ ਗੁਰਦੁਆਰਾ ਸਾਹਿਬ (ਪ੍ਰੇਮਗੜ੍ਹ) |
| | **ਕੁੱਲ ਜ਼ੋੜ** | 115.38 **ਲੱਖ** | |

ਉਕਤ ਕੰਮ ਦੀ ਪ੍ਰਸ਼ਾਸਕੀ ਪ੍ਰਵਾਨਗੀ ਪ੍ਰਾਪਤ ਕਰਨ ਉਪਰੰਤ ਇਹਨਾਂ ਟਿਊਬਵੈੱਲਾ ਨੂੰ ਲਗਾਉਣ ਲਈ ਮਹਿਕਮਾ ਵਾਟਰ ਸਪਲਾਈ ਅਤੇ ਸੈਨੀਟੇਸ਼ਨ ਡਵੀਜ਼ਨ ਨੰ.1 ਹੁਸ਼ਿਆਰਪੁਰ ਨੂੰ ਫੰਡ ਮੁਹੱਈਆ ਕਰਵਾਏ ਜਾਣਗੇ। **ਉਕਤ ਕੰਮ ਕਰਵਾਉਣ ਅਤੇ ਤਖਮੀਨੇ ਦੀ ਰਾਸ਼ੀ ਸਬੰਧਤ ਮਹਿਕਮੇ ਨੂੰ ਭੇਜਣ** ਦਾ ਮਾਮਲਾ ਨਗਰ ਨਿਗਮ ਦੀ ਮੀਟਿੰਗ **ਵਿਚ ਵਿਚਾਰਨ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।**

36) **<u>Estimate for Providing and Laying of Sewer line in , Street No.7 Mohalla Sant Bhag Singh Nagar at Hoshiarput Town Distt. Hoshiarpur.</u>**

**ਰਿਪੋਰਟ ਜੂਨੀਅਰ ਇੰਜੀਨੀਅਰ ਸਮੇਤ ਸਿਫਾਰਸ਼ ਨਿਗਮ ਇੰਜੀਨੀਅਰ ਕਿ** ਮਹਿਕਮਾ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਡਵੀਜ਼ਨ ਹੁਸ਼ਿਆਰਪੁਰ ਦਾ ਵੱਲੋਂ ਇਸ ਦਫ਼ਤਰ ਦੇ ਰਸੀਟ ਨੰ. 972 ਮਿਤੀ: 19.05.2023 ਰਾਹੀਂ ਪ੍ਰਾਪਤ ਹੋਇਆ ਹੈ। ਉਨ੍ਹਾਂ ਵੱਲੋਂ ਦੱਸਿਆ ਗਿਆ ਹੈ ਕਿ ਉਨ੍ਹਾਂ ਦਾ ਮਾਨਯੋਗ ਮੇਅਰ ਸਾਹਿਬ ਨਗਰ ਨਿਗਮ ਹੁਸ਼ਿਆਰਪੁਰ ਨਾਲ ਹੋਏ ਜੁਬਾਨੀ ਵਿਚਾਰ-ਵਟਾਂਦਰੇ ਅਨੁਸਾਰ ਸ਼ਹਿਰ ਦੇ ਮੁਹੱਲਾ ਸੰਤ ਬਾਬਾ ਬਾਗ ਸਿੰਘ ਨਗਰ,ਗਲੀ ਨੰਬਰ 7 ਦੀ ਪੁਰਾਣੀ ਸੀਵਰ ਲਾਈਨ ਬੈਠ ਗਈ ਹੈ ਅਤੇ ਜਿਸ ਕਾਰਨ ਗਲੀ ਦਾ ਸੀਵਰ ਚੌਕ ਰਹਿੰਦਾ ਹੈ ਅਤੇ ਜਿਸ ਕਾਰਨ ਗਲੀ ਨਿਵਾਸੀਆਂ ਨੂੰ ਕਾਫੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਜਿਸ ਕਾਰਨ ਗਲੀ ਵਿੱਚ ਪੁਰਾਣੀ ਸੀਵਰ ਲਾਈਨ ਦੀ ਥਾਂ ਨਵੀਂ ਸੀਵਰ ਲਾਈਨ ਪਾਈ ਜਾਣੀ ਹੈ। ਇਸ ਕੰਮ ਨੂੰ ਕਰਵਾਉਣ 'ਤੇ ਆਉਣ ਵਾਲੇ ਖ਼ਰਚ **<u>ਕੁੱਲ 19.66 ਲੱਖ ਰੁਪਏ</u>** ਦਾ ਤਖਮੀਨਾ ਉਕਤ ਦਰਸਾਏ ਪੱਤਰ ਰਾਹੀਂ ਮਹਿਕਮੇ ਵੱਲੋਂ ਤਿਆਰ ਕਰਕੇ ਭੇਜ਼ਿਆ ਗਿਆ ਹੈ। **ਉਕਤ ਕੰਮ ਕਰਵਾਉਣ ਅਤੇ ਤਖਮੀਨੇ ਦੀ ਰਾਸ਼ੀ ਸਬੰਧਤ ਮਹਿਕਮੇ ਨੂੰ ਭੇਜਣ** ਦਾ ਮਾਮਲਾ ਨਗਰ ਨਿਗਮ ਦੀ ਮੀਟਿੰਗ **ਵਿਚ ਵਿਚਾਰਨ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।**

37) **<u>Estimate for replacement of old sewer line in Ward No.20,Street No.9 Mohalla Kirti Nagar at Hoshiarput Town Distt. Hoshiarpur</u>**

**ਰਿਪੋਰਟ ਜੂਨੀਅਰ ਇੰਜੀਨੀਅਰ ਸਮੇਤ ਸਿਫਾਰਸ਼ ਨਿਗਮ ਇੰਜੀਨੀਅਰ ਕਿ** ਮਹਿਕਮਾ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਡਵੀਜ਼ਨ ਹੁਸ਼ਿਆਰਪੁਰ ਦਾ ਵੱਲੋਂ ਇਸ ਦਫ਼ਤਰ ਦੇ ਰਸੀਟ ਨੰ. 971 ਮਿਤੀ: 19.05.2023 ਰਾਹੀਂ ਪ੍ਰਾਪਤ ਹੋਇਆ ਹੈ। ਉਨ੍ਹਾਂ ਵੱਲੋਂ ਦੱਸਿਆ ਗਿਆ ਹੈ ਕਿ ਉਨ੍ਹਾਂ ਦਾ ਮਾਨਯੋਗ ਮੇਅਰ ਸਾਹਿਬ ਨਗਰ ਨਿਗਮ ਹੁਸ਼ਿਆਰਪੁਰ ਨਾਲ ਹੋਏ ਜੁਬਾਨੀ ਵਿਚਾਰ-ਵਟਾਂਦਰੇ ਅਨੁਸਾਰ ਸ਼ਹਿਰ ਦੇ ਵਾਰਡ ਨੰਬਰ 20 ਮੁਹੱਲਾ ਕੀਰਤੀ ਨਗਰ,ਗਲੀ ਨੰਬਰ 9 ਦੀ ਪੁਰਾਣੀ ਸੀਵਰ ਲਾਈਨ ਬੈਠ ਗਈ ਹੈ ਅਤੇ ਜਿਸ ਕਾਰਨ ਗਲੀ ਦਾ ਸੀਵਰ ਚੌਕ ਰਹਿੰਦਾ ਹੈ ਅਤੇ ਜਿਸ ਕਾਰਨ ਗਲੀ ਨਿਵਾਸੀਆਂ ਨੂੰ ਕਾਫੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਜਿਸ ਕਾਰਨ ਗਲੀ ਵਿੱਚ ਪੁਰਾਣੀ ਸੀਵਰ ਲਾਈਨ ਦੀ ਥਾਂ ਨਵੀਂ ਸੀਵਰ ਲਾਈਨ ਪਾਈ ਜਾਣੀ ਹੈ। ਇਸ ਕੰਮ ਨੂੰ ਕਰਵਾਉਣ 'ਤੇ ਆਉਣ ਵਾਲੇ ਖ਼ਰਚ **<u>ਕੁੱਲ 19.00 ਲੱਖ ਰੁਪਏ</u>** ਦਾ ਤਖਮੀਨਾ ਉਕਤ ਦਰਸਾਏ ਪੱਤਰ ਰਾਹੀਂ ਮਹਿਕਮੇ ਵੱਲੋਂ ਤਿਆਰ ਕਰਕੇ ਭੇਜ਼ਿਆ ਗਿਆ ਹੈ। **ਉਕਤ ਕੰਮ ਕਰਵਾਉਣ ਅਤੇ ਤਖਮੀਨੇ ਦੀ ਰਾਸ਼ੀ ਸਬੰਧਤ ਮਹਿਕਮੇ ਨੂੰ ਭੇਜਣ** ਦਾ ਮਾਮਲਾ ਨਗਰ ਨਿਗਮ ਦੀ ਮੀਟਿੰਗ **ਵਿਚ ਵਿਚਾਰਨ ਅਤੇ ਪ੍ਰਵਾਨਗੀ ਹਿੱਤ ਪੇਸ਼ ਹੈ ਜੀ।**

38) **<u>ਨਗਰ ਨਿਗਮ ਹੁਸ਼ਿਆਰਪੁਰ ਦੇ ਆਉਟਸੋਰਸ ਕਰਮਚਾਰੀਆ ਦੇ ਪੂਰਵ ਠੇਕੇ ਵਿੱਚ ਵਾਧਾ ਕਰਨ ਬਾਰੇ</u>**

**ਰਿਪੋਰਟ ਜੂਨੀਅਰ ਇੰਜੀਨੀਅਰ ਸਮੇਤ ਸਿਫਾਰਸ਼ ਨਿਗਮ ਇੰਜੀਨੀਅਰ ਕਿ** ਨਗਰ ਨਿਗਮ ਹੁਸ਼ਿਆਰਪੁਰ ਦੇ ਵੱਖ ਵੱਖ ਸ਼ਾਖਾਵਾ ਵਿੱਚ ਆਊਟਸੋਰਸ ਸਟਾਫ ਦੀ ਸਪਲਾਈ ਗ੍ਰੇਟਸ ਇੰਡੀਆ, ਸਨਰਾਇਜ, ਐਸ.ਐਸ. ਪ੍ਰੋਵਾਇਡਰ ਵੱਲੋਂ ਲਈ ਜਾ ਰਹੀ ਹੈ।ਇੱਥੇ ਇਹ ਵੀ ਦੱਸਣ ਯੋਗ ਹੈ ਕਿ ਉਕਤ ਠੇਕਿਆ ਦੀ ਮਿਆਦ ਅਗਲੇ ਮਹੀਨੇ ਖਤਮ ਹੋਣ ਜਾ ਰਹੀ ਹੈ।ਸਰਕਾਰ ਦੀਆਂ ਹਦਾਇਤਾ ਅਨੁਸਾਰ ਵਿਤੀ ਸਾਲ 2023-24 ਦਾ ਇਕ ਤਖਮੀਨਾ ਸਾਰੀਆ ਬ੍ਰਾਂਚਾਂ ਵੱਲੋਂ ਲਈ ਜਾਣ ਵਾਲੀ ਸਪਲਾਈ ਦਾ ਇਕੱਠਾ ਕਰਕੇ ਤਿਆਰ ਕੀਤਾ ਜਾ ਰਿਹਾ ਹੈ।ਕਿਉ ਜ਼ੋ ਇਹ ਤਖਮੀਨਾ ਮੁੱਖ ਇੰਜੀਨਿਅਰ ਜੀ ਪਾਸੋ ਤਕਨੀਕੀ ਪ੍ਰਵਾਨਗੀ ਹੋਣ ਉਪਰੰਤ **ਹੀ ਹਾਊਸ ਦੀ ਮੀਟਿੰਗ ਵਿਚ ਪ੍ਰਵਾਨਗੀ ਹਿੱਤ ਰੱਖਿਆ ਜਾਣਾ ਹੈ। ਇੱਥੇ ਦੱਸਣਯੋਗ ਹੈ ਕਿ** ਇਸ ਕੰਮ ਨੂੰ **ਕੁਝ** ਸਮਾਂ **ਲੱਗੇਗਾ।** ਕਿਉ ਜ਼ੋ ਦਫਤਰ ਦਾ ਕੰਮ ਆਊਟਸੋਰਸ ਕਰਮਚਾਰੀਆ ਦੁਆਰਾ ਚਲਾਇਆ ਜਾ ਰਿਹਾ ਹੈ। ਇਨਾਂ ਕਰਮਚਾਰੀਆ ਨੂੰ ਸਮੇਂ ਸਿਰ ਤਨਖਾਹ **ਵੀ** ਦਿੱਤੀ ਜਾਣੀ ਅਤਿ ਜਰੂਰੀ ਹੈ। ਇਸ ਲਈ ਜੇਕਰ ਪ੍ਰਵਾਨ ਹੋਵੇ ਤਾਂ **ਹਾਲ ਦੀ ਘੜੀ** ਆਊਟਸੋਰਸ ਕਰਮਚਾਰੀਆ ਦੇ **ਹਰੇਕ** ਪੂਰਵ ਠੇਕੇ ਦੀ ਰਾਸ਼ੀ ਵਿੱਚ 25% ਦਾ ਵਾਧਾ ਕਰਦੇ ਹੋਏ ਠੇਕੇ ਦੀ ਮਿਆਦ ਮਿਤੀ 30.09.2023 **ਤੱਕ ਦਾ** ਵਾਧਾ ਕਰਨ **ਜਾਂ** ਜਦੋ ਤੱਕ ਟੈਂਡਰ ਪ੍ਰਕਿਰਿਆ ਮੁਕੰਮਲ ਨਹੀਂ ਹੋ **ਜਾਂਦੀ** ਉਦੋ ਤੱਕ ਵਾਧਾ **ਕਰਨਾ ਉੱਚਿਤ** ਹੋਵੇਗਾ ਜੀ।

39) **ਵਰਕਸ ਦੇ ਕੰਮਾਂ ਦੇ ਤਖਮੀਨੇ ਆਉਣ ਵਾਲੀ ਮੀਟਿੰਗ ਵਿੱਚ ਵਿਚਾਰਨ ਹਿੱਤ ਭੇਜਣ ਸਬੰਧੀ।**

**ਰਿਪੋਰਟ ਜੂਨੀਅਰ ਇੰਜੀਨੀਅਰ ਸਮੇਤ ਸਿਫਾਰਸ਼ ਨਿਗਮ ਇੰਜੀਨੀਅਰ ਕਿ** ਨਗਰ ਨਿਗਮ ਹੁਸ਼ਿਆਰਪੁਰ ਦੀ ਇੰਜੀਨੀਅਰਿੰਗ ਸ਼ਾਖਾ ਵੱਲੋਂ ਕੁਝ ਵਰਕਸ ਦੇ ਕੰਮਾਂ ਦੇ ਤਖਮੀਨੇ ਤਿਆਰ ਕੀਤੇ ਗਏ ਹਨ। ਇਹ ਕੰਮ **ਪਬਲਿਕ ਹਿੱਤਾਂ ਨੂੰ ਮੁੱਖ ਰੱਖਦੇ ਹੋਏ ਹਾਊਸ ਦੀ** ਮੀਟਿੰਗ ਵਿੱਚ **ਵਿਚਾਰਨ ਅਤੇ ਪ੍ਰਵਾਨਗੀ ਹਿੱਤ ਹੇਠ ਲਿਖੇ ਅਨੁਸਾਰ ਭੇਜੇ ਜਾਂਦੇ ਹਨ।**

| ਲੜੀ ਨੰ: | ਕੰਮ ਦਾ ਨਾਮ | ਅਨੁਮਾਨਤ ਲਾਗਤ (ਰੁ) |
|---|---|---|
| 1 | Construction of Toilet Block at Railway Road and Kashmiri Bazar Hoshiarpur | 757000 |
| 2 | P/Fixing Interlocking Paver Blocks In Different Streets Of Ward No.6,Hoshiarpur | 963000 |
| 3 | Development Of Park In Mohalla Vikrant Enclave (Birbal Nagar,)Ward No.3,Hoshiarpur | 1620000 |

ਸਹੀ/-
ਮੇਅਰ,
ਨਗਰ ਨਿਗਮ ਹੁਸ਼ਿਆਰਪੁਰ।